ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ (21-2-91)

FEB 1991

ਫ਼ਰਵਰੀ ੧੯੯੧



ਤੇਲ ਪਾ ਕੇ, ਜੰਡਾਂ ਨਾਲ ਲਟਕਾ ਕੇ, ਭਠੀਆਂ ਵਿਚ ਸਾੜੇ ਗਏ ਅਤੇ ਕੀਮਾ ਕੀਮਾ ਕੀਤੇ ਗਏ
ਗੋਲੀਆਂ ਨਾਲ ਭੁੰਨੇ ਗਏ ਅਤੇ ਗੰਡਾਸਿਆਂ ਨਾਲ ਟੁਕੇ ਵਢੇ ਗਏ ਸ਼ਹੀਦਾਂ ਦਾ ਖ਼ੂਨੀ ਦ੍ਰਿਸ਼

www.AKJ.Org

# ਤ ਤ ਕ ਰਾ


| | | |
|---|---|---|
| ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ | ੩ | ਗਉੜੀ ਮਹਲਾ ੫ |
| ਮਨਮਤਿ ਕਰਮ | ੪ | ਭਾ: ਸਾ: ਭਾਈ ਰਣਧੀਰ ਸਿੰਘ |
| ਕਲਗੀ ਵਾਲਿਆ ! ਬਹੁੜੀ ਕਰ !! (ਕਵਿਤਾ) | ੯ | ਸ: ਸੁਖਵਿੰਦਰ ਸਿੰਘ |
| ਮਨਿ ਜੀਤੈ ਜਗੁ ਜੀਤੁ | ੧੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫਰਨਾਮਾ | ੧੪ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਕਲਗੀਧਰ ਜੀ ਨਾਲ ਪਹਾੜੀ ਰਾਜਿਆਂ ਦੀਆਂ ਲੜਾਈਆਂ (੩) | ੧੬ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਸਿਰਲਥ ਜੋਧੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ | ੨੨ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ (ਕਾਵਿ) | ੨੫ | ਸ: ਅਤਰ ਸਿੰਘ ਜੀ ਨੀਰ |
| ਭੂਰਿਆਂ ਵਾਲੇ ਰਾਜੇ ਕੀਤੇ (੧੫) | ੨੭ | ਕੈਪਟਿਨ ਸਵਰਨ ਸਿੰਘ ਜੀ |
| ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ) | ੩੩ | 'ਸੂਰਾ' ਪਰਵਾਰ |
| 'ਜਪੁ' ਜੀ ਵੀਚਾਰ | ੩੬ | ਸ: ਸੁਰਿੰਦਰ ਸਿੰਘ ਜੀ |
| ਸਤਿਗੁਰ ਸੰਗਿ ਨਾਹੀ ਮਨੁ ਡੋਲੈ | ੩੯ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਜ਼ਰੂਰੀ ਸੂਚਨਾ | ੪੧ | ਜਥੇਦਾਰ ਅਖੰਡ ਕੀਰਤਨੀ ਜਥਾ |
| ਸੱਚਾ ਪਾਤਿਸ਼ਾਹ ਪ੍ਰੰਥ ਸਜਾਣ ਆਇਆ (ਕਵਿਤਾ) | ੪੨ | ਗਿਆਨੀ ਜੰਗ ਸਿੰਘ ਜੀ |


ਸ਼ਹੀਦੀ ਸਾਕਾ ਨਨਕਾਣਾ ਸਾਹਿਬ ੨੧ ਫਰਵਰੀ

## "ਸੂਰਾ' ਦੇ ਚੰਦੇ ਤੇ ਬਕਾਏ ਅ: ਲਾਈਫ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ —ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ —ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ — ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ —ਪਿੰਡ ਰੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫਰੀਦਾਬਾਦ ਟਾਊਨ (ਹਰਿਆਣਾ) ਭਾਈ ਬਲਵੰਤ ਸਿੰਘ ਜੀ, ੫-ਡੀ, ਸੈਕਟਰ ੫੫, (੧੨੧੦੦੧)
੮. ਦਿੱਲੀ–ਭਾਈ ਹਰਦਿਤ ਸਿੰਘ ਜੀ, ਏ-੩੫, ਫਤਹ ਨਗਰ
੯. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ —ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 : ਘਰ 52206


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ,ਅੰਮ੍ਰਿਤਸਰ ਤੋਂ ੧-੨-੯੧ ਨੂੰ ਪ੍ਰਕਾਸ਼ਤ ਕੀਤਾ।


www.AKJ.Org

# ਸੂਰਾ

ਸ੍ਰੀ ਅੰਮ੍ਰਿਤਸਰ

ਮਾਸਕ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਫ਼ਰਵਰੀ ੧੯੯੧ ਅੰਕ ੨


ਰਾਗੁ ਗਉੜੀ ਮਹਲਾ ੫

## ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥

ਸੁੰਦਰ ਨਾਰੀ ਅਨਿਕ ਪਰਕਾਰੀ ਪਰਗ੍ਰਿਹ ਬਿਕਾਰੀ ॥

ਬੁਰਾ ਭਲਾ ਨਹੀ ਸੁਝੀ ਹੇ ॥੨॥

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣਨਿਧਿ ਨਹੀ ਗਾਇਆ ॥

ਮਨ ਬਿਖੈ ਹੀ ਮਹਿ ਲੁਝੀ ਹੇ ॥੩॥

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਇ ਮਰੈ ਸਾਧ ਸੰਗਿ ਮਾਇਆ ਤਰੈ ॥

ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥

(ਪੰਨਾ ੨੧੩)



www.AKJ.Org

# ਮਨਮਤਿ ਕਰਮ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਪਾਇਓ ਬਾਲ ਬੁਧਿ ਸੁਖੁ ਰੇ ॥
ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ ॥੧॥ਰਹਾਉ॥
ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਅਨਦ ਸਹਜੇ ॥੧॥
ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥
ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤਿ ਭਏ ॥੨॥
ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥
ਮਨ ਤਨ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥
ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥
ਪੋਟਿ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥

ਗਉੜੀ ਮਹਲਾ ੫, ਪੰਨਾ ੨੧੪

**ਵਿਆਖਿਆ**—ਬਾਲਕਾਂ ਵਾਲੀ ਬੁਧੀ (ਸਾਦਾ ਸੁਭਾਵ) ਧਾਰਨ ਕੀਤਿਆਂ ਹੀ ਸੁਖੀ ਹੋਈਦਾ ਹੈ। ਪਰ ਇਹ ਬਾਲਕਾਂ ਦੀ ਬੁਧੀ ਵਾਲਾ ਸਾਦਾ-ਪਣ ਤਦੇ ਹੀ ਧਾਰਨ ਹੁੰਦਾ ਹੈ ਅਤੇ ਸੁਤੇ ਹੀ ਧਾਰਨ ਹੋ ਜਾਂਦਾ ਹੈ,ਜੋ ਸੱਚਾ ਗੁਰੂ ਧਾਰਨ ਕਰੀਦਾ ਹੈ, ਨਿਗੁਰਿਓਂ ਸਗੁਰੇ ਹੋਈਦਾ ਹੈ। ਸਤਿਗੁਰੂ ਦੀ ਸ਼ਰਨ ਪ੍ਰਾਪਤ ਕੀਤਿਆਂ ਬੁਧੀ ਕੁਬੁਧੀ, ਕੁਮਤਾਂ ਮਨਮਤਾਂ ਵਾਲੀ ਬੁਧੀ, ਸਿਆਣਫਾਂ ਚਤੁਰਾਈਆਂ ਵਾਲੀ ਬੁਧੀ ਪਲਟ ਕੇ ਸੁਬੁਧ, ਸਾਦਾ-ਲੋਹੀ ਬੁਧੀ, ਰਿੱਧੀ ਸਿੱਧੀ ਦੀਆਂ ਸਦ-ਰਹਿਮਤਾਂ ਵਾਲੀ ਕਰਾਮਾਤੀ ਅਲੌਕਿਕ ਬੁਧੀ ਹੋ ਜਾਂਦੀ ਹੈ। ਸਤਿਗੁਰ ਸੁਪਲਟੀ (ਸਤਿਗੁਰੂ ਮਿਲਣ ਕਰਿ ਪਲਟਾ ਖਾ ਗਈ) ਗੁਰਮਤਿ-ਸੰਜੀਵਨੀ ਬੁਧੀ ਵਿਚਿ ਸਿਆਣਪ-ਚਤੁਰਾਈਆਂ, ਮਕਰ-ਫ਼ਰੇਬ, ਦਗ਼ਾ-ਕਪਟ, ਪਾਖੰਡ ਆਦਿਕ ਮਨਮਤੀ ਅਵਗੁਣ ਨਹੀਂ ਰਹਿੰਦੇ। ਸਾਧਾਰਨ ਬਾਲਕਾਂ ਵਾਲੀ ਦੁੱਧ-ਧੋਤੀ ਬੁਧੀ ਹੋ ਜਾਂਦੀ ਹੈ। ਤਾਹੀਂ ਤੇ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪਰ ਮਨ ਦੀ ਮਤਿ ਨੂੰ ਤਿਆਗ ਕੇ, ਗੁਰਮਤਿ ਮਤਿ ਵਿਚ ਲੀਨ ਹੋ ਕੇ ਹੁੰਦੀ ਹੈ। ਉਸ ਗੁਰ ਸੰਵਾਰੀ, ਗੁਰੂ ਸਾਧਾਰੀ, ਗੁਰ ਪਲਟਾਰੀ ਬੁਧੀ ਵਾਲੇ ਬਾਲਕ ਸਮਾਨ ਸਾਫ਼ ਸਿਧੇ ਪਧਰੇ ਗੁਰਮੁਖਿ ਜਨ ਦੇ ਚਿਤ ਵਿਚਿ ਮਨਮੁਖਾਂ ਮਨਮਤੀਆਂ ਵਾਂਗੂ ਊਭ ਪਇਆਲੀ ਉਤਾਰ ਚੜ੍ਹਾਉ ਨਹੀਂ ਰਹਿੰਦੇ। ਬਲਕਿ ਹਰਖ ਸੋਗ (ਖ਼ੁਸ਼ੀ ਤੇ ਗ਼ਮੀ), ਨਫ਼ਾ ਨੁਕਸਾਨ (ਹਾਣ ਲਾਭ), ਮਰਨਾ ਜੀਵਣਾ, ਦੁਖ ਸੁਖ ਆਦਿਕ ਸਭ ਕੁਝ ਇਕ-ਸਾਰ (ਸਮਾਨ, ਬਰਾਬਰ) ਹੀ ਜਾਪਦੇ ਹਨ। ਸਰਮੁਚ ਇਕਸਾਰ ਹੀ ਪ੍ਰਤੀਤ ਹੁੰਦੇ ਹਨ।

ਲੰਮੀਆਂ ਸੋਚਾਂ, ਚਤੁਰਾਈਆਂ, ਸਿਆਣਪਾਂ, ਕਪਟ-ਫ਼ਰੇਬੀ ਚਾਲਾਂ ਕੁਚਾਲਾਂ, ਕਦੇ ਦੁਖੀ ਕਦੇ ਸੁਖੀ ਹੋਣਾ ਅਤੇ ਖ਼ੁਸ਼ੀ ਹੋਣਾ ਕਦੇ ਗਮਗੀਨ ਹੋਣਾ, ਇਤਿ ਆਦਿ ਸਭ ਕੁਛ ਮਨ ਦੀ ਮਤਿ ਵਾਲੇ ਮਨਮਤੀਏ ਮਨਮੁਖ ਨੂੰ, ਉਸ ਦੀ ਮਨਮਤਿ ਕਰਮ-ਕਰਣੀ ਕਰਿ ਹਰ ਦਮ ਵਾਪਰਿਆ ਰਹਿੰਦਾ ਹੈ। ਜਦ ਤਾਈਂ ਤੇ ਜਿੰਨਾ ਚਿਰ ਮਨਮਤੀਆ ਪੁਰਸ਼ ਸੋਚਾਂ ਫ਼ਿਕਰਾਂ ਨਾਲਿ ਘਿਰਿਆ ਰਹਿੰਦਾ ਹੈ, ਤਦ ਤਾਈਂ ਅਤੇ ਉਤਨਾ ਚਿਰ ਉਹ ਦੁਖਾਂ ਨਾਲਿ ਭਰਿਆ ਰਹਿੰਦਾ ਹੈ। ਮਨਮਤਿ ਕਰਮਾਂ ਦੇ ਕੁਫੇੜ ਵਿਚਿ ਪੈਣ ਕਰਕੇ ਉਹ ਸੋਚਾਂ ਫ਼ਿਕਰਾਂ ਅੰਦੇਸ਼ਿਆਂ ਤੌਖਲਿਆਂ ਦਾ ਸ਼ਿਕਾਰ ਬਣਿਆ ਰਹਿਣ ਕਰਕੇ, ਪੁਜ ਕੇ ਅਤੀ ਦੁਖੀ ਹੁੰਦਾ ਹੈ। ਇਹਨਾਂ ਦੁਖਾ ਤੋਂ ਨਿਰੋਲ ਖ਼ਲਾਸੀ ਅਤੇ ਅਡੋਲ ਨਿਸਚਿੰਤਤਾ-ਮਈ ਆਤਮ-ਆਨੰਦੀ ਦਸ਼ਾ ਉਦੋਂ ਹੀ ਪ੍ਰਾਪਤ ਹੁੰਦੀ ਹੈ, ਜਦੋਂ ਉਹ ਕਿਰਪਾਲ ਸਤਿਗੁਰੂ ਨੂੰ ਭੇਟਦਾ ਹੈ। ਸਤਿਗੁਰੂ ਨੂੰ ਭੇਟੇ ਬਿਨਾਂ ਮਨ ਦੀਆਂ ਮਤਾਂ ਕੁਮੱਤਾਂ ਜਾਂਦੀਆਂ ਨਹੀਂ, ਮਨ ਅੰਦਰੋਂ ਨਿਕਲਦੀਆਂ ਨਹੀਂ। ਨਾਹੀਂ ਮਨਮਤਿ ਕਰਮਾਂ ਨੂੰ ਕਰਨੋਂ ਮਨਮਤੀਆ ਪੁਰਸ਼ ਹਟਦਾ ਹੈ। ਬਾਜ਼ ਨਹੀਂ ਆਉਂਦਾ। ਗੁਰੂ ਪੂਰਾ ਭੇਟੇ ਤੋ ਸਹਜ ਆਨੰਦ ਸਹਜੇ ਹੀ ਪ੍ਰਾਪਤ ਹੋ ਜਾਂਦਾ ਹੈ। (ਨਿਸ਼ਚੇ ਰਹੇ ਕਿ ਸਤਿਗੁਰੂ ਨਾਨਕ ਅਤੇ ਉਸ ਦੇ ਦਸੇ ਜਾਮੇ ਅਤੇ



www.AKJ.Org

ਦਸੋਂ ਜਾਮਿਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਪੂਰਾ ਗੁਰੂ ਕੋਈ ਨਹੀਂ, ਨਾ ਹੈ, ਨਾ ਹੋਇਆ, ਨਾ ਹੋਵੇਗਾ)। ਪੂਰੇ ਗੁਰੂ ਦੀ ਭੇਟਨਾ (ਫ਼ੀ ਜ਼ਮਾਨਾ) ਅੱਜ ਕਲ੍ਹ ਪੰਜਾਂ ਪਿਆਰਿਆਂ ਗੁਰਮੁਖ ਜਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਅੰਮ੍ਰਿਤ ਛਕ ਕੇ ਸਿੰਘ ਸਜਣ ਅਤੇ ਗੁਰ ਦੀਖਿਆ ਪ੍ਰਾਪਤ ਕਰਨ ਨਾਇ ਹੁੰਦੀ ਹੈ। ਐਵੇਂ ਨਹੀਂ। ਕਦਾਚਿਤ ਨਹੀਂ।

ਜਿਤਨੀ ਸਿਆਣਪ ਭਰੇ ਕਰਮ ਮਨ ਦੀ ਮਤਿ ਵਾਲੇ ਮਨਮਤੀਏ ਪੁਰਸ਼ ਕਰਦੇ ਹਨ, ਉਨੇ ਹੀ ਬੰਧਨ ਉਨ੍ਹਾਂ ਨੂੰ ਪੈਂਦੇ ਹਨ। ਏਹਨਾਂ ਬੰਧਨਾਂ ਤੋਂ ਬੰਧ-ਖਲਾਸੀ (ਮੁਕਤੀ) ਤਦੋਂ ਹੀ ਹੁੰਦੀ ਹੈ ਜਦੋਂ ਸਦਾ ਹਾਜ਼ਰ ਨਾਜ਼ਰ ਸਤਿਗੁਰੂ ਪੰਜਾਂ ਪਿਆਰਿਆਂ ਦੇ ਸਾਧ ਸਰੂਪ ਵਿਚਿ, ਅੰਮ੍ਰਿਤ ਛਕਣ ਸਮੇਂ ਉਹਨਾਂ ਦੇ ਮੱਥੇ ਤੇ ਹੱਥ ਧਰਦਾ ਹੈ। ਮਨਮਤੀ ਪੁਰਸ਼ ਦੀ ਮਨਮਤਿ ਤਤਕਾਲ ਹੀ ਦੂਰ ਹੋ ਜਾਂਦੀ ਹੈ।

ਜਦੋਂ ਤਾਈਂ ਆਪਣੀ ਮਨ ਦੀ ਮਤਿ ਦੇ ਅਧੀਨ ਹੋ ਕੇ ਮਨਮਤੀਆ ਪੁਰਸ਼ ਮੇਰੀ ਮੇਰੀ ਕਰਦਾ ਹੈ, ਤਦ ਤਾਈਂ ਉਹ ਸਿੱਖ ਬਿਖ-ਮਾਇਆ ਦੇ ਅਲਸੇਟੇ ਵਿਚ ਘਿਰਿਆ ਰਹਿੰਦਾ ਹੈ ਤੇ ਜਦੋਂ ਸਤਿਗੁਰੂ ਦੇ ਬਣ ਕੇ, ਸਤਿਗੁਰੂ ਦੇ ਪ੍ਰਤਾਪ ਨਾਲਿ ਮਨ ਤਨ, ਮਨ ਦੀ ਮਤਿ ਵਾਲੀ ਬੁਧੀ ਵਾਹਿਗੁਰੂ ਨੂੰ ਅਰਪਨ ਕਰ ਦਿਤੀ, ਤਦ ਸਹਜ ਸ਼ਾਂਤੀ ਮਿਲੀ ਅਤੇ ਬੇਫ਼ਿਕਰੀ ਹੋਈ।

ਜਦੋਂ ਤਾਈਂ ਪਾਪਾਂ ਪੁੰਨਾਂ ਦੀ ਪੋਟਲੀ, ਪਰਕ੍ਰਿਤੀ ਪੂਰਤ ਕਰਮਾਂ ਦੀ ਮਾਇਕ ਗਠੜੀ ਚੁਕੀ ਫਿਰਦੇ ਰਹੇ, ਤਦੋਂ ਤਾਈਂ ਧਰਮ ਰਾਇ ਡੰਨ, ਜਮ ਦੂਤਾਂ ਦਾ ਠੇਂਗਾ ਸਿਰ ਤੇ ਸਹਿਣਾ ਪਿਆ ਅਤੇ ਡੰਨ ਦੇਣਾ ਹੀ ਪਿਆ। ਜਦੋਂ ਇਸ ਪੰਡ ਨੂੰ ਸਿਰੋਂ ਉਤਾਰ ਕੇ, ਨਿਰੇ ਗੁਰੂ ਦੇ ਹੀ ਬਣ ਗਏ ਤਦੋਂ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲਿ ਨਿਰਭੈ ਦਸ਼ਾ ਹੋਈ। ਜਮਦੂਤਾਂ ਦੇ ਡੰਨ ਆਦਿਕ ਦਾ ਕੋਈ ਤੌਖਲਾ ਨਾ ਰਿਹਾ। ਮਨ ਦੀ ਮਤਿ ਤਿਆਗੀ ਤੋਂ, ਅਤੇ ਸੱਚੀ ਗੁਰਮਤਿ ਧਾਰਨ ਕੀਤੀ ਤੇ ਪਾਪਾਂ ਮਾਇਆ-ਸੰਤਾਪਾਂ ਦੇ ਭਾਰ ਤੋਂ ਹਉਲੇ ਹੋਏ।

ਆਨਮਤ ਕਰਮ ਗੁਰਮਤਿ ਧਾਰਨ ਤੋਂ ਬਿਨਾਂ ਛਡੇ ਨਹੀਂ ਜਾਂਦੇ। ਸਾਰਾ ਜਗਤ ਮਨਮਤੀਆਂ ਤੇ ਮਨਮੁਖੀਆਂ ਦਾ ਸਤਿਗੁਰੂ ਬਾਝੋਂ ਦੁਖੀਆ ਹੋਇ ਰਿਹਾ ਹੈ। ਇਹ ਦੁਖ ਸੰਤਾਪ ਕਿਵੇਂ ਉਤਰੇ, ਜਦ ਤਾਈਂ ਮਨਮਤਿ ਛਡ ਕੇ ਗੁਰਮਤਿ ਨਾ ਧਾਰਨ ਕੀਤੀ ਜਾਵੇ, ਅਤੇ ਮਨਮਤਿ ਕਰਮ ਨਾ ਛਡੇ ਜਾਣ।

ਮੋ ਕਉ ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ ਜਨਾਵੈ ॥੧॥ਰਹਾਉ॥
ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥
ਦਹਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥੧॥
ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥
ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥
ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਨਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥

ਗਉੜੀ ਮਹਲਾ ੫, ਪੰਨਾ ੨੧੫-੧੬

**ਵਿਆਖਿਆ**–ਇਹ ਜੀਵ ਪ੍ਰਾਣੀ ਆਪਣੇ ਮਨ ਦੀ ਮਤਿ ਮਤਿਆ ਹੋਇਆ ਹਰੇਕ ਕਰਮ ਦਾ ਕਰਤਾ ਧਰਤਾ ਆਪਿ ਹੀ ਆਪਣੇ ਆਪ ਨੂੰ ਜਣਾਉਂਦਾ ਹੈ ਕਿ ਮੈਂ ਖ਼ੁਦ ਹੀ ਹਰੇਕ ਕਰਮ ਦਾ ਕਰਨਹਾਰਾ ਹਾਂ। ਮੈਨੂੰ ਕਰਮ ਕਰਨ ਦੀ ਬਿਧੀ ਸਮਝਾਉਣਹਾਰਾ ਹੋਰ ਕੌਣ ਜੰਮਿਆ ਹੈ। ਏਦੂੰ ਵਡੀ ਹੋਰ ਕਿਹੜੀ ਅਹੰਮਤਿ ਹੋ ਸਕਦੀ ਹੈ ? ਪਰ ਦਰ-ਅਸਲ ਇਹ ਮਨਮਤੀ ਜੀਵ ਬਜਾਤੇ ਖ਼ੁਦ ਕਿਸੇ ਭੀ ਕਰਮ ਨੂੰ ਕਰਨ ਦੀ ਸਮਰੱਥਾ ਨਹੀਂ ਰਖਦਾ। ਇਸ ਨੂੰ ਸੂਝ ਬੂਝ ਹੀ ਨਹੀਂ ਕਿ ਕਿਹੜੇ ਕਰਮ ਕਰਨ ਯੋਗ ਹਨ ਅਤੇ ਕਿਹੜੇ ਨਹੀਂ। ਜੇ ਇਤਨੀ ਛਾਣ ਬੀਣ ਇਹ ਕਰ ਸਕੇ



www.AKJ.Org

ਤਾਂ ਆਪਣੇ ਆਪ ਇਹ ਮੰਦ ਕਰਮ ਕਿਉਂ ਕਰੇ, ਅਤੇ ਚੰਗੇ ਹੀ ਕਰੇ। ਇਸ ਨੂੰ ਮੰਦੇ ਚੰਗੇ ਦੀ ਕੁਛ ਪਛਾਣ ਹੀ ਨਹੀਂ।

ਅਲਪਗ ਮਤੜੀ ਅਨੁਸਾਰ ਕਰਮ ਦੀ ਅਸਲੀਅਤ ਨੂੰ ਜਾਣੇ ਬਿਨਾਂ ਹੀ ਇਹ ਜੋ ਕੁਛ ਕਰਦਾ ਹੈ, ਸੋ ਕਰਦਾ ਹੈ। ਜੋ ਕਰਮ ਕਮਾਉਂਦਾ ਹੈ, ਸੋ ਕਰਮ ਦੀ ਤਹਿ ਵਿਚ ਪੁਜੇ ਬਿਨਾਂ ਕਮਾਉਂਦਾ ਹੈ। ਤਾਹੀਂ ਚੋਟਾਂ ਖਾਂਦਾ ਹੈ, ਅਤੇ ਚੋਟਾਂ ਖਾਂਦੇ ਹੀ ਤੁਰਿਆ ਆਉਂਦਾ ਹੈ। ਜਨਮਾਂ ਜਨਮਾਂ ਤੋਂ ਹੀ ਕਰਮ-ਵਸ ਹੋ ਕੇ ਚੋਟਾਂ ਖਾ ਰਿਹਾ ਹੈ। ਪਿਛਲੇ ਕਰਮ ਦੀ ਸਜ਼ਾ ਭੁਗਤਣੇ ਕੰਮ ਕਰਦਾ ਹੋਇਆ ਇਹ ਕਈ ਕੰਮ ਐਸੇ ਕਰਦਾ ਹੈ ਕਿ ਇਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਕੰਮ ਕਰਨੇ ਹਨ ਜਾਂ ਨਹੀਂ। ਪਰ ਅਵੱਸ਼ ਇਸ ਨੂੰ ਉਹ ਕਰਮ ਕਰਨੇ ਪੈਂਦੇ ਹਨ। ਪਿਛਲੇ ਜਨਮ ਦੇ ਸਜ਼ਾ-ਭੁਗਤਾਊ ਕਰਮ ਤਾਂ ਅਵੱਸ਼ ਉਸ ਤੋਂ ਹੋਣੇ ਹੀ ਹੋਏ। ਚਾਹੇ ਚੰਗੇ ਚਾਹੇ ਮੰਦੇ, ਪਰ ਇਸ ਨੂੰ ਤਾਂ ਇਹ ਭੀ ਸੁਰਤਿ ਨਹੀਂ ਕਿ ਚੰਗੇ ਮੰਦੇ ਕਰਮ ਕਿਹੜੇ ਹੁੰਦੇ ਹਨ। ਪਰ ਜਿਹੜੇ ਭੀ ਇਹ ਕਰਮ ਕਰਦਾ ਹੈ, ਉਸ ਵਿਚ ਆਪਣੀ ਮਤਸਰ ਜ਼ਰੂਰ ਘਸੋੜਦਾ ਹੈ। ਇਸ ਮਤਸਰ ਦੇ ਕਾਰਨ ਚੋਟਾਂ ਖਾਂਦਾ ਹੈ। ਇਸ ਨੂੰ ਜਪ ਤਪ ਆਦਿਕ ਕਰਮ ਸਾਧਨ ਦੀ ਸੂਝ ਹੀ ਨਹੀਂ, ਉਂਞ ਆਪਣੇ ਜਾਣੇ,ਆਪਣੀ ਅਹੰਮਤਿ ਕਰਿ ਇਹਨਾਂ ਅਹੰਮਤੀ ਆਨਮਤ ਕਰਮਾਂ (ਜਪ ਤਪ ਆਦਿਕ) ਦਾ ਕਰਨਹਾਰ ਆਪਣੇ ਆਪ ਨੂੰ ਆਪ ਜਣਾਉਂਦਾ ਹੈ। ਜਿਤਨੇ ਭੀ ਕਰਮ ਕਰਦਾ ਹੈ,ਮਨ ਦੀ ਮਤਿ, ਅਹੰਮਤਿ ਦੇ ਬਫਾਸਰੇ ਕਰਦਾ ਹੈ। ਮਨ ਤਾਂ ਇਸ ਮਨਮਤੀ ਪੁਰਸ਼ ਦੇ ਕਾਬੂ ਵਿਚਿ ਇਕ ਛਿਨ ਮਾਤਰ ਭੀ ਨਹੀਂ ਰਹਿੰਦਾ, ਦਹਦਿਸ ਦੜ੍ਹੜਿਆ ਫਿਰਦਾ ਹੈ। ਅਤੇ ਦਹਦਿਸ ਧਾਵੰਦਾ ਹੋਇਆ ਅਨਿਕ ਪ੍ਰਕਾਰੀ ਅਹੰਮਤਿ ਕਰਮ ਕਮਾਂਵਦਾ ਹੈ। ਇਹਨਾਂ ਅਹੰਮਤੀ ਕਰਮਾਂ ਕਰਕੇ ਇਹ ਬੰਧਨਾਂ ਵਿਚਿ ਪੈ ਜਾਂਦਾ ਹੈ। ਪਰ ਇਸ ਨੂੰ ਇਹ ਭੀ ਪਤਾ ਨਹੀਂ ਰਹਿੰਦਾ ਕਿ ਕਿਹੜੇ ਕਰਮ ਕਰਕੇ ਇਹ ਬੰਧਨ ਇਸ ਨੂੰ ਪਏ ਹਨ। ਇਹ ਸਾਰੇ ਕਰਮ ਹੀ ਬੰਧਨ ਪਾਉਣਹਾਰੇ ਅਹੰਮਤੀ ਕਰਮ ਜੁ ਹੋਏ, ਮਨ ਦੀ ਮਤਿ ਅਨੁਸਾਰ ਕੀਤੇ ਕਰਮ ਜੁ ਹੋਏ।

ਮਨ ਦੀ ਮੂੜ੍ਹਤਾ ਦੇ ਕਾਰਨ ਇਹ ਤਾਂ ਇਉਂ ਸਮਝੀ ਬੈਠਾ ਹੈ ਕਿ ਮੈਂ ਹੀ ਆਪਣੇ ਮਨ ਦਾ ਮਾਲਕ ਹਾਂ, ਮੈਂ ਸਾਰੀ ਧਨ-ਧਰਤੀ ਦਾ ਠਾਕੁਰ ਹਾਂ, ਜੋ ਮੇਰੇ ਕਬਜ਼ੇ ਵਿਚਿ ਆਈ ਹੈ। ਮਨ, ਤਨ, ਧਨ ਤੇ ਧਰਤੀ ਦਾ ਮਾਲਕ ਆਪਣੇ ਆਪ ਨੂੰ ਮੰਨ ਕੇ ਇਉਂ ਆਖਦਾ ਹੈ ਕਿ ਮੈਂ ਇਸ ਸਾਰੀ ਮਿਲਖ ਸਾਮਗਰੀ ਦਾ ਮਾਲਕ ਹਾਂ ਅਤੇ ਇਹ ਸਭ ਕੁਛ ਮੇਰਾ ਹੈ। ਭਰਮ ਮੋਹ ਮਮਤਾ ਦੇ ਕਾਰਨ ਉਸ ਨੂੰ ਸੁੱਝਦਾ ਕੁਛ ਨਹੀਂ। ਮਤਸਰ ਹੀ ਮਤਸਰ ਇਸ ਦੇ ਪਲੈ ਰਹਿ ਜਾਂਦੀ ਹੈ। ਇਸੇ ਮਤਸਰ ਦੇ ਪੈਖੜ ਇਸ ਦੇ ਮਨਮਤੀ ਮਨ ਦੇ ਪੈਰਾਂ ਵਿਚਿ ਪਏ ਹੋਏ ਹਨ। ਅਤੇ ਪਏ ਹੀ ਰਹਿੰਦੇ ਹਨ, ਜਿਨ੍ਹਾਂ ਦਾ ਜਕੜਿਆ ਹੋਇਆ ਹੋਰ ਇਹ ਕਿਸੇ ਪਾਸੇ ਹਿਲ ਨਹੀਂ ਸਕਦਾ।

ਜਦੋਂ ਇਸ ਦੀ ਹਸਤੀ ਹੀ ਕੁਛ ਨਹੀਂ ਸੀ ਤਦੋਂ ਇਹਨਾਂ ਕਰਮਾਂ ਦਾ ਕਮਾਵਣਹਾਰਾ ਕਉਣ ਸੀ, ਜਿਨ੍ਹਾਂ ਦਾ ਕਮਾਊ ਹੁਣ ਇਹ ਆਪਣੇ ਆਪ ਨੂੰ ਆਪਣੀ ਮਤਸਰ ਕਰਿ ਸਦਾਉਂਦਾ ਹੈ, ਇਹ ਤਾਂ ਇਸ ਨੂੰ ਪਤਾ ਨਹੀਂ ਕਿ ਇਹ ਤਾਂ ਗਲ ਪਏ ਕਰਮ ਕਮਾਉਂਦਾ ਹੈ, ਜੋ ਇਸ ਨੂੰ ਅਵੱਸ਼ ਕਰਨੇ ਹੀ ਬਣਦੇ ਹਨ। ਜਾਣੇ ਚਾਹੇ ਅਣਜਾਣੇ। ਆਪੇ ਇਹ ਕਰਮਾਂ ਦਾ ਕਰਤਾ ਹਰਤਾ ਧਿਙਾਣੇ ਹੀ ਆਪ ਬਣਿਆ ਫਿਰਦਾ ਹੈ। ਇਕੁ ਨਿਰੰਜਨ ਨਿਰੰਕਾਰ ਕਰਮ-ਬਿਧਾਤਾ ਕਰਤਾ ਪੁਰਖ ਸਭ ਕਰਮਾਂ ਦਾ ਤੱਤ ਮੂਲ ਕਾਰਨ ਹੈ।

ਜਿਸ ਕਰਤੇ ਪੁਰਖ ਕਰਤਾਰ ਨੇ ਇਸ ਰਚਨਾ ਨੂੰ ਸਾਜਿਆ ਹੈ, ਉਹ ਆਪਣੇ ਕੰਮਾਂ ਨੂੰ ਆਪ ਹੀ ਜਾਣਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕਰਤਾ ਪੁਰਖ ਵਾਹਿਗੁਰੂ ਆਪ ਹੀ ਸਭ ਕੁਛ ਕਰਨ ਵਾਲਾ ਹੈ। ਇਉਂ ਸਮਝਾ ਕੇ ਸਤਿਗੁਰੂ ਨੇ ਭਰਮ ਦੂਰ ਕਰ ਦਿਤਾ ਹੈ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥



www.AKJ.Org

ਤੀਰਥਿ ਨਾਇ ਅਰ ਧਰਤੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨਾ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥
ਚਤੁਰ ਬੇਦ ਮੁਖਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਮੀ ॥
ਗੁਰੁ ਸੇਵਹੁ ਅਰੁ ਨਾਮ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥

ਗਉੜੀ ਮਾਲਾ ਮਹਲਾ ੫, ਪੰਨਾ ੨੧੬

**ਵਿਆਖਿਆ**-ਵਾਹਿਗੁਰੂ ਦੇ ਭਜਨ ਬਿਨੁ ਹੋਰਿ ਸਾਰੇ ਕਰਮ ਨਿਕੰਮੇ ਹਨ। ਇਹ ਜੋ ਜਪ ਤਪ ਸੰਜਮ ਆਦਿਕ ਕਰਮ ਮਨ ਨੂੰ ਵਿਸ਼ਿਆਂ ਤੋਂ ਰੋਕਣ ਦੇ ਸਾਧਨ ਸਮਝ ਕੇ ਕੀਤੇ ਜਾਂਦੇ ਹਨ, ਇਹ ਸਾਰੇ ਕਰਮ ਉਰੇ ਉਰੇ ਹੀ ਖੁਸ ਮੁਸ ਜਾਂਦੇ ਹਨ। ਇਹਨਾਂ ਕਰਮਾਂ ਦੇ ਕਰਨਹਾਰੇ, ਇਹਨਾਂ ਕਰਮਾਂ ਕਰਕੇ ਰੱਬ ਤਾਈਂ ਪਹੁੰਚਣਾ ਹੀ ਨਹੀ ਪਾਉਂਦੇ।

ਅਪਣੀ ਮਨਮਤਿ ਕਰਕੇ ਮਨਮਤੀਏ ਪੁਰਸ਼ ਬਰਤ ਨੇਮ ਆਦਿਕ ਅਨਮਤ ਕਰਮਾਂ ਦੇ ਬਥੇਰੇ ਯਤਨ (ਸੰਜਮ) ਕਰਦੇ ਹਨ, ਪਰ ਉਥੇ (ਅਗਲੀ ਦਰਗਾਹ ਵਿਚ) ਇਹਨਾਂ ਕਰਮਾਂ ਦਾ, ਇਹਨਾਂ ਕਰਮਾਂ ਦੇ ਯਤਨਾਂ ਦਾ ਕਉਡੀ ਮੁਲ ਭੀ ਨਹੀਂ ਪੈਂਦਾ। ਨਾ ਕਿਸੇ ਅੱਜ ਤਾਈਂ ਪਾਇਆ ਹੈ, ਨਾ ਅਗੇ ਨੂੰ ਪਾ ਸਕੇਗਾ। ਇਹ ਜਪ ਤਪ ਆਦਿਕ ਕਰਮ ਇਸ ਲੋਕ ਵਿਚ ਭਾਵੇਂ ਲੋਕਾਂ ਭਾਣੇ ਸਾਲਾਹੇ ਵਡਿਆਏ ਇਜ਼ਤਾਏ ਜਾਣ, ਪਰ ਅਗੇ ਪਰਲੋਕ ਵਿਚਿ ਇਹਨਾਂ ਕਰਮਾਂ ਦੀ ਕਖ ਭੀ ਕਦਰ ਨਹੀਂ ਪੈਂਦੀ। ਉਥੋਂ ਦਾ ਵਰਤਾਰਾ, ਚਲਣ ਅਚਾਰਾ ਹੀ ਹੋਰ ਹੈ। ਉਥੇ ਕਰਮ ਕਾਂਡ ਦੀ ਕੁਛ ਪੇਸ਼ ਨਹੀਂ ਜਾਂਦੀ। ਉਥੇ ਕਰਮ ਸੁਕਰਮੀ ਸਿਫਤਿ ਸਾਲਾਹੀ ਸਿੱਕੇ ਦੀ ਹੀ ਪ੍ਰਧਾਨਤਾ ਹੈ। ਉਥੇ ਇਹਨਾਂ ਕਰਮਾਂ ਦਾ ਤਸੂ ਮਾਤਰ ਫਲ ਨਹੀਂ ਮਿਲਦਾ। ਤਾਂ ਤੇ ਇਹਨਾਂ ਕਰਮਾਂ ਵਿਚੋਂ ਕੋਈ ਕਰਮ ਭੀ ਉਥੇ ਕੰਮ ਨਾ ਆਇਆ। ਨਾ ਹੀ ਆਵੰਦਾ ਹੈ, ਨਾ ਆਵੇਗਾ।

ਅਨਮਤ ਤੀਰਥਾਂ ਤੇ ਨ੍ਹਾਉਣ ਵਾਲੇ ਅਤੇ ਆਪਣੇ ਮਨ ਦੀ ਮਤਿ ਅਨੁਸਾਰ ਭੇਖੀ ਸਾਧ ਬਣ ਕੇ, ਥਾਂਉਂ ਥਾਈਂ ਧਰਤੀ ਉਤੇ ਫਿਰਨ ਭ੍ਰਮਣ ਵਾਲੇ ਮਨਮਤੀਏ ਨੂੰ ਅਗੇ ਚਲ ਕੇ ਦਰਗਾਹ ਵਿਚਿ ਠਉਰ ਟਿਕਾਣੇ ਵਾਲੀ ਥਾਂ ਨਹੀਂ ਮਿਲਦੀ। ਉਹਾਂ ਅਗਲੀ ਦਰਗਾਹ ਵਿਚ ਉਪਰ ਦਸੇ ਅਨਮਤ ਕਰਮ ਧਰਮ ਕਿਸੇ ਬਿਧੀ ਮਨ ਦੀ ਮਤਿ ਅਨੁਸਾਰ ਕੀਤੇ ਕੰਮ ਨਹੀਂ ਆਉਂਦੇ। ਅਜਿਹੇ ਮਨਮਤੀ ਕਰਮ ਕਰਨ ਵਾਲਾ ਇਸ ਦੁਨੀਆ ਦੇ ਲੋਕਾਂ ਨੂੰ ਪਤੀਆਉਣ ਖ਼ਾਤਰ ਹੀ ਇਹ ਕਰਮ ਕਰਦਾ ਹੈ, ਜੋ ਅਗੇ ਜਾ ਕੇ ਕਬੂਲ ਨਹੀਂ ਪੈਂਦੇ। ਧਰੇ ਦੇ ਧਰੇ ਰਹਿ ਜਾਂਦੇ ਹਨ--

ਚਾਹੇ ਚਾਰ ਬੇਦ ਮੂੰਹ-ਜ਼ਬਾਨੀ ਕੋਈ ਮਨ-ਮਤੀਆ ਬੇਦਾਚਾਰੀ ਪੰਡਿਤ ਘੋਖ ਕੇ ਉਚਰਦਾ ਫਿਰੇ। ਚਹੁੰਆਂ ਬੇਦਾਂ ਦਾ ਬੇਤਾ ਵਿਖਿਆਤਾ ਗਿਆਤਾ ਹੋ ਕੇ ਭੀ ਉਸ ਨੂੰ ਸੱਚ, ਦਰਗਾਹੀ ਸੱਚ, ਦਰਬਾਰੀ ਮਹਲ ਨਹੀਂ ਪ੍ਰਾਪਤ ਹੁੰਦਾ। ਜਦ ਤਕ ਉਕਤ ਕਰਮ ਦੁਆਰਾ ਉਸ ਨੂੰ ਕੁਛ ਨਹੀਂ ਲਭਦਾ, ਚਾਹੇ ਸਾਰੀ ਉਮਰ ਝਖਾਂ ਮਾਰਦਾ ਰਹੇ ਅਤੇ ਖਪਦਾ ਰਹੇ ਅਤੇ ਸਾਰੀਆਂ ਟਕਰਾਂ ਮਾਰਦਾ ਰਹੇ।

ਗੁਰੂ ਨਾਨਕ ਸਾਹਿਬ ਇਹ ਸਿੱਟੇ ਦੀ ਸਿਧਾਂਤਕ ਵੀਚਾਰ ਸੁਭਾਖਦੇ ਹਨ, ਜੋ ਇਸ ਨੂੰ ਕਮਾਵੇਗਾ, ਜੋ ਇਸ ਸਿਧਾਂਤ ਉਤੇ ਅਮਲ ਕਰੇਗਾ, ਸੋਈ ਪਾਰਗ੍ਰਾਮੀ ਹੋਵੇਗਾ, ਇਸ ਭਵਜਲ ਤੋਂ ਪਾਰ ਪਵੇਗਾ। ਉਹ ਕਿਹੜੀ ਤੱਤ ਵੀਚਾਰ ਹੈ, ਇਹ :-

ਗੁਰੁ ਸੇਵਹੁ ਅਰੁ ਨਾਮੁ ਧਿਆਵਹੁ, ਤਿਆਗਹੁ ਮਨਹੁ ਗੁਮਾਨੀ ॥

ਗੁਰੂ ਨੂੰ ਸੇਵਹੁ, ਅਰਥਾਤ, ਗੁਰੂ ਦੇ ਸੇਵਕ ਸਿਖ ਬਣੋ ਅਤੇ ਸੇਵਕ ਸਿਖ ਬਣ ਕੇ ਨਾਮ- ਗੁਰਮੰਤਰ ਦੀ ਅਭਿਆਸ ਕਮਾਈ (ਨਾਮ ਧਿਆਵਣਾ) ਕਰੋ ਅਤੇ ਮਨ ਤੋਂ ਸਗਲ ਅਹੰਕਾਰ ਗੁਮਾਨ ਤਿਆਗ ਦੇਵੋ। ਮਨ-ਮਤੀਏ ਨ


www.AKJ.Org

ਬਣੇ। ਮਨ ਦੀ ਮਤਿ ਹੀ ਹੰਕਾਰ ਦਾ ਮੂਲ ਹੈ। ਮਨਮਤਿ ਦੇ ਕਰਮ ਕੀਤਿਆਂ ਅਹੰਕਾਰ ਹੀ ਵਧਦਾ ਹੈ, ਹੋਰ ਕੁਛ ਨਹੀਂ ਬਣਦਾ; ਯਥਾ ਗੁਰਵਾਕ:–

ਕਰਮ ਕਰਤ ਬਧੇ,ਅਹੰਮੇਵ॥੩॥੬॥ ਗਉੜੀ ਕਬੀਰ ਜੀ, ਪੰਨਾ ੩੨੪

ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥
ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥
ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥
ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥੧॥ਰਹਾਉ॥
ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥
ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥
ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥
ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥੩॥
ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ ॥
ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥

ਗਉੜੀ ਕਬੀਰ ਜੀ, ਪੰਨਾ ੩੩੫

ਨਾਮ ਨੂੰ ਵਿਸਾਰ ਕੇ ਅਤੇ ਮਨ ਦੇ, ਅਹੰਮਤਿ ਦੇ ਅਧੀਨ ਹੋ ਕੇ ਜਿੰਨੇ ਭੀ ਮਨਮਤਿ ਕਰਮਾਂ ਦੇ ਕਰਨ ਦੇ ਯਤਨ ਕੀਤੇ ਜਾਂਦੇ ਹਨ, ਉਹ ਭਵ-ਸਾਗਰ ਵਿਚਿ ਡਬੋ ਲੈ ਜਾਣ ਵਾਲੇ ਹਨ, ਤਾਰਨ ਵਾਲੇ ਨਹੀਂ, ਸੰਸਾਰ-ਸਾਗਰ ਤੋਂ ਪਾਰ ਉਤਾਰਨਹਾਰੇ ਨਹੀਂ। ਜਨਮ ਮਰਨ ਵਾਲੇ ਚੁਰਾਸੀ ਦੇ ਗੇੜ ਵਿਚਿ ਪਾਉਣ ਵਾਲੇ ਹਨ। ਬਹੁਤ ਕਰਮ ਧਰਮ ਸੰਜਮ ਅਨਮਤਾਂ ਦੇ ਆਪਣੀ ਮਨ ਦੀ ਮਤਿ ਨਾਲ ਕੀਤੇ ਸਗੋਂ ਹੋਰ ਅਹੰਬੁਧਿ ਵਧਾਉਂਦੇ ਹਨ, ਹੰਕਾਰ ਦੇ ਪੱਠੇ ਪਾਉਂਦੇ ਹਨ। ਜੋ ਅਹੰਕਾਰ ਬੁਧੀ ਅਤੇ ਅਹੰਬੁਧ ਮਤੀ, ਹੰਕਾਰ ਨਾਲ ਜਲੇ ਬੁਝੇ ਸੜੇ ਹੋਏ ਮਨ ਨੂੰ ਹੋਰ ਭੀ ਸਾੜ ਦਿੰਦੀ ਹੈ।

ਹੰਕਾਰ ਕਰਕੇ ਜਲੇ ਸੜੇ ਮਨ ਵਾਲੇ ਅਹੰਮਤੀ ਉਸ ਪ੍ਰਤਿਪਾਲਨਹਾਰੇ ਠਾਕੁਰ ਨੂੰ ਉੱਕਾ ਹੀ ਮਨੋਂ ਵਿਸਾਰ ਦਿੰਦੇ ਹਨ, ਜੋ ਸਭ ਦੇ ਸਾਸਾਂ ਗ੍ਰਾਸਾਂ ਦਾ ਦਾਤਾ ਹੈ। ਉਸ ਦੇ ਦਿਤੇ ਹੋਏ ਹੀ ਸਾਸ ਹਨ। ਉਸ ਦੇ ਦਿਤੇ ਹੋਏ ਹੀ ਅਹਾਰ ਭੋਜਨ ਗ੍ਰਾਸ ਹਨ। ਪ੍ਰੰਤੂ ਆਪਣੀ ਅਹੰਬੁਧ ਦੇ ਭੁਚਲਾਏ ਹੋਏ ਮਨ ਮਤਸਰੀ ਹੰਕਾਰੀ ਪੁਰਸ਼ ਇਸ ਦਾਤਿ ਦਾਤਾਰੀ ਬਾਤ ਨੂੰ ਸਮਝਦੇ ਹੀ ਨਹੀਂ। ਦਾਤੇ ਨੂੰ ਜਾਣਦੇ ਹੀ ਨਹੀਂ। ਉਹਨੂੰ ਸਿਮਰਨਾ ਤਾਂ ਕੌਸੀ, ਉਸ ਵਲ ਉੱਕੀ ਰੁਚੀ ਹੀ ਨਹੀਂ ਕਰਦੇ। ਜਿਸ ਦਾ ਨਤੀਜਾ ਇਹ ਹੈ ਕਿ ਆਪਣੇ ਮਨੁਖਾ ਜਨਮ ਨੂੰ, ਜੋ ਹੀਰੇ ਤੇ ਲਾਲਾਂ ਤੋਂ ਭੀ ਅਮੋਲਕ ਹੈ, ਐਵੇਂ ਭੰਗ ਦੇ ਭਾੜੇ ਕਉਡੀ ਬਦਲੇ ਹੀ ਗਵਾ ਦਿੰਦੇ ਹਨ। ਜਿਨ੍ਹਾਂ ਕੰਮਾਂ ਅਤੇ ਕਰਮਾਂ ਵਿਚਿ ਲਗ ਕੇ ਗਵਾਉਂਦੇ ਹਨ, ਉਹ ਕਉਡੀ ਦੀ ਕੀਮਤ ਦੇ ਨਹੀਂ ਹੁੰਦੇ।

ਧਨ ਜੋਬਨ ਦੀ ਤ੍ਰਿਸ਼ਨਾ, ਰਸਾਂ ਕਸਾਂ ਦੇ ਭੁੰਚਣ ਦੀ ਪਿਆਸ (ਤ੍ਰਿਖਾ) ਅਤੇ ਭੋਗਾਂ ਦੇ ਭੋਗਣ ਦੀ ਭੁੱਖ ਐਵੇਂ ਭ੍ਰਮ ਕੇ ਹੀ ਉਹਨਾਂ ਨੂੰ ਲਗੀ ਹੋਈ ਹੈ ਅਤੇ ਲਗੀ ਰਹਿੰਦੀ ਹੈ। ਇਸ ਗੱਲ ਨੂੰ ਉਹਨਾਂ ਨੇ ਹਿਰਦੇ ਵਿਚਿ ਕਦੇ ਗੌਹ ਕਰਕੇ ਵੀਚਾਰਿਆ ਹੀ ਨਹੀਂ। ਐਵੇਂ ਪਰਛਾਵੇਂ ਪਿਛੇ ਹੀ ਭਰਮ ਦੇ ਮਾਰੇ ਭਜੇ ਫਿਰਦੇ ਹਨ। ਹਿਰਦੇ ਅੰਦਰ ਜੋ ਤ੍ਰਿਸ਼ਨਾ ਤ੍ਰਿਖਾ ਦੀ ਖੋਹ ਲਗੀ ਹੋਈ ਹੁੰਦੀ ਹੈ, ਉਹ ਖੋਹ ਮਾਇਕ ਪਦਾਰਥਾਂ ਨੂੰ ਭੁੰਚਿਆਂ ਛਿਨ ਮਾਤਰ ਲਈ, ਛਿਨ ਭੰਗਰੇ ਚਿਰ ਲਈ ਤਾਂ ਮਿਟ ਜਾਂਦੀ ਹੈ, ਫੇਰ ਓਵੇਂ ਕਿਵੇਂ ਹੀ ਓਹੀ ਖੋਹ ਪੈਣ ਲਗ ਜਾਂਦੀ ਹੈ। ਸਾਰੀ ਉਮਰ ਭੋਜਨ ਭੁੰਚਿਆਂ ਅਤੇ ਰਸਾਂ ਕਸਾਂ ਨੂੰ ਖਾਂਦਿਆਂ ਪੀਂਦਿਆਂ ਅਤੇ ਭੋਗਾਂ ਨੂੰ ਭੋਗਦਿਆਂ ਵਿਹਾ ਗਈ, ਪਰ ਇਹ ਖੋਹ ਨਾ ਮਿਟੀ। ਪਰ ਕਦੀ ਨਾ ਵੀਚਾਰਿਆ ਕਿ ਇਹ ਖੋਹ ਕਿਉਂ ਨਹੀਂ ਮਿਟਦੀ। ਜੇ ਮਿਟਦੀ ਹੈ ਤਾਂ ਜੋ ਜਤਨ ਇਸ ਖੋਹ ਦੇ ਮਿਟਾਉਣ ਲਈ ਕੀਤੇ ਜਾਂਦੇ ਹਨ,ਸਭ ਨਿਸਫਲ ਹਨ ਅਤੇ ਉਹ ਪਦਾਰਥ ਭੀ ਅਨਿਤ ਹਨ।



www.AKJ.Org

ਹਕੀਕਤ ਵਿਚ ਇਹ ਕੁਦਰਤੀ ਖੋਹ ਨਾਮ ਦੀ ਹੈ। ਨਾਮ ਨੂੰ ਤਾਂ ਜੁਟਦੇ ਨਹੀਂ ਅਤੇ ਭੁੰਚਦੇ ਨਹੀਂ। ਹੋਰ ਹੋਰ ਅਫਰੂ ਦਫਰੂ ਪਦਾਰਥਾਂ ਦੇ ਭੋਗਣ ਭੁੰਚਣ ਹਿਤ ਖੀਨ ਖਰਾਬ ਹੁੰਦੇ ਫਿਰਦੇ ਹਨ, ਅਤੇ ਉਨ੍ਹਾਂ ਪਦਾਰਥਾਂ ਦੇ ਇਕੱਠਾ ਕਰਨ ਦੇ ਯਤਨ ਵਿਚ ਨਿਹਫਲ ਕਰਮ ਕਰਦੇ ਹਨ, ਅਤੇ ਕਰਿ ਕਰਿ ਖੱਜਲ ਹੁੰਦੇ ਹਨ। ਉਹਨਾਂ ਦੀ ਮਨ ਦੀ ਮਤਿ ਨੇ ਉਹਨਾਂ ਨੂੰ ਇਹੀ ਮਤਸਰਾ ਛਡਿਆ ਹੈ ਕਿ ਮਨੁੱਖਾ ਜਨਮ ਇਹਨਾਂ ਅਨ-ਸਥਿਰ ਪਦਾਰਥਾਂ ਲਈ ਹੀ ਮਿਲਿਆ ਹੈ। ਉਹਨਾਂ ਦੀ ਅਲਪੱਗ ਮਤਿ ਬੁਧੀ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਅਸਥਿਰ ਸਮਝਦੀ ਹੈ ਅਤੇ ਸੱਚ ਕਰਕੇ ਜਾਣਦੀ ਹੈ। ਅਦ੍ਰਿਸ਼ਟ ਪਦਾਰਥ ਵਲ ਉਹਨਾਂ ਦੀ ਕਿਵੇਂ ਰੁਚੀ ਆਵੇ ? ਮਨਮਤਿ ਨੂੰ ਛਡਣ ਤੇ ਗੁਰਮਤਿ ਗ੍ਰਹਿਣ ਕਰਨ, ਤਾਂ ਸੁਮੱਤੀ ਆਵੇ। ਅਦ੍ਰਿਸ਼ਟ ਪਦਾਰਥ ਨਾਮ ਨੂੰ ਗ੍ਰਹਿਣ ਕਰਨ ਲਈ ਉਹਨਾਂ ਦੀ ਅਹੰਬੁਧਿ ਅਤੇ ਮਨ ਦੀ ਮਤਿ ਏਸ ਪਦਾਰਥ ਦੇ ਪਾਸੇ ਵਲ ਪੈਂਦੀ ਹੀ ਨਹੀਂ। ਮਾਨ ਹੰਕਾਰ ਦੇ ਪਾਗਲਪੁਣੇ ਵਿਚਿ ਗੁਮਰਾਹ ਹੋਇਆਂ ਨੇ ਗੁਰਾਂ ਦੇ ਉਪਦੇਸ਼ ਨੂੰ, ਗੁਰ-ਦੀਖਿਆ ਨੂੰ ਕਦੇ ਹਿਰਦੇ ਵਿਚ ਨਹੀਂ ਧਾਰਿਆ।

ਸੁਆਦਾਂ ਵਿਚ ਲੁਭਾਇਮਾਨ ਹੋਏ ਜੀਵਾਂ ਨੂੰ ਇੰਦ੍ਰੀ ਨੇ ਵਿਸ਼ੇ-ਰਸਾਂ ਵਲ ਪ੍ਰੇਰ ਕੇ ਖੱਚਤ ਕਰਿ ਛਡਿਆ ਹੈ, ਇਸ ਕਰਕੇ ਉਹ ਵਿਕਾਰਾਂ ਦੇ ਮਦ ਵਿਚਿ ਮਤੇ ਹੋਏ ਹਰ ਦਮ ਮਦਹੋਸ਼ ਹੀ ਰਹਿੰਦੇ ਹਨ। ਉਹਨਾਂ ਨੂੰ ਪ੍ਰਮਾਰਥ ਦੇ ਪਾਸੇ ਵੱਲ ਪਰਤਣ ਦੀ ਹੋਸ਼ ਹੀ ਨਹੀਂ ਆਉਂਦੀ। ਜਿਨ੍ਹਾਂ ਦੇ ਭਾਗਾਂ ਵਿਚ ਸਰੇਸ਼ਟ ਕਰਮ ਲਿਖੇ ਹਨ, ਉਹ ਖੋਟੇ ਕਰਮਾਂ ਤੋਂ ਹਟ ਕੇ ਗੁਰੂ-ਘਰ ਦੇ ਸੰਤ ਜਨਾਂ ਦੀ ਸੰਗਤਿ ਵਿਚਿ ਆਉਂਦੇ ਹਨ, ਅਤੇ ਗੁਰਮੁਖਾਂ ਸੰਤ ਜਨਾਂ ਦੀ ਸੰਗਤ ਕਰ ਕੇ ਸੁਖੈਨ ਹੀ ਐਉਂ ਤਰ ਜਾਂਦੇ ਹਨ, ਜਿਵੇਂ ਕਾਠ ਨਾਲ ਲੋਹਾ ਤਰ ਜਾਂਦਾ ਹੈ।

ਜੋਨੀਆਂ ਵਿਚਿ ਧਾਵੰਦਿਆਂ ਅਤੇ ਜਨਮਾਂ ਵਿਚਿ ਭਰਮਦਿਆਂ ਭਰਮਦਿਆਂ ਥਕ ਕੇ ਹਾਰਿਆਂ ਅਤੇ ਦੁਖ ਪਾਉਂਦਿਆਂ ਜੇ ਭਾਗਾਂ ਕਰਕੇ ਸੱਚੇ ਸਤਿਗੁਰੂ ਦੀ ਸ਼ਰਨ ਅਤੇ ਸੰਗਤ ਪ੍ਰਾਪਤ ਹੋ ਜਾਵੇ ਤਾਂ ਸਤਿਗੁਰੂ ਦੇ ਭੇਟਣ ਕਰਕੇ, ਅਤੇ ਗੁਰੂ ਘਰ ਦੀ ਸੰਗਤ ਨੂੰ ਮਿਲਣ ਕਰਕੇ ਉਸ ਦਾ ਨਿਸਤਾਰਾ ਹੁੰਦਾ ਹੈ, ਨਹੀਂ ਤਾਂ ਮਤਸਰੀ ਕਰਮਾਂ ਦੇ ਕਰਨ ਕਰਿ ਚੁਰਾਸੀ ਦੇ ਗੇੜ ਵਿਚਿ ਕੋਹਲੂ ਦੇ ਬਲਦ ਵਾਂਗੂੰ ਭਉਂਦਾ ਫਿਰਦਾ ਰਹਿੰਦਾ ਹੈ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

---

# ਕਲਗੀਆਂ ਵਾਲਿਆ ! ਬਹੁੜੀ ਕਰ !!

[ਸ: ਸੁਖਵਿੰਦਰ ਸਿੰਘ, ਪਟਿਆਲਾ]

ਅਜ ਤੇਰਾ ਖਾਲਸਾ ਤੈਨੂੰ ਅਤਿ ਲੋੜਦਾ !
ਖ਼ਬਰੇ ਕੌਣ ਖਾਲਸਈ ਇਤਫ਼ਾਕ ਤੋੜਦਾ !
ਪੰਥ ਭੁਲਿਆ, ਧੜੇ ਹੋਏ ਪਿਆਰੇ !
ਵਿਸਰਿਆ ਵਿਰਸਾ, ਉਜਾੜ ਰਹੇ ਕਿਆਰੇ !
ਦਸਮੇਸ਼ ਪਿਤਾ ! ਇਸ ਹਨੇਰੀ ਰਾਤ ਨ ਕੋਈ ਹੋਰ !
ਕਲਗੀਆਂ ਵਾਲਿਆ ! ਬਹੁੜੀ ਕਰ, ਟੁਟਿਆਂ ਤੂੰਹੀ ਜੋੜ !

ਸ਼ਰਨ ਪਇਆਂ, ਲਾਜ ਤੂੰ ਰਖਦੈਂ !
ਅਉਗੁਣ ਵਿਸਾਰ, ਆਪਣਾ ਤੂੰ ਕਰਦੈਂ !
ਦਰ ਤੇਰੇ ਤਿਲ ਭੀ ਘਾਲ ਨ ਅਜਾਈਂ !
ਪਿਆਰਿਆਂ ਦੀ ਪੁਕਾਰ, ਜਲਦੀ ਆਈਂ !
ਬਾਬਰ-ਵਾਣੀ ਵਰਤੀ, ਕਹਿਰ ਹੈ ਛਾਇਆ !
ਨੀਲੇ ਦੇ ਸ਼ਾਹ ਅਸਵਾਰ! ਬਹੁੜੀ ਕਰ, ਦਾਸਾਂ ਧਿਆਇਆ !

ਪਏ ਰੋਲਦੇ ਅੱਜ ਸ਼ਹੀਦਾਂ ਕੁਰਬਾਨੀ !
ਭੁਲ ਗਏ ਸਾਹਿਬਜ਼ਾਦਿਆਂ, ਸ਼ਹੀਦੀ ਲਾਸਾਨੀ !
ਭਾਈ ਮਨੀ ਸਿੰਘ ਤਾਰੂ ਸਿੰਘ ਅਸਹਿ ਕਸ਼ਟ ਝੱਲੇ !
ਅਸਾਂ ਨ ਸਾਰ ਲਈ, ਐਸੇ ਹੋਏ ਅਵੱਲੇ !
ਓ ਅੰਮ੍ਰਿਤ ਦਾਤਿਆ ! ਅਸਾਂ ਨਾ ਸ਼ੁਕਰਿਆਂ ਨਾ ਹੋਰ !
ਬਾਜਾਂ ਵਾਲਿਆਂ ! ਬਹੁੜੀ ਕਰ, ਭੁਲਿਆਂ ਤੂੰਹੀ ਹੋੜ !

ਮਨੂੰ ਜ਼ਕਰੀਆ ਜਾਪਦਾ ਮੁੜ ਆਏ !
ਸਿੰਘਾਂ ਸੂਰਬੀਰ ਸਿਰਾਂ ਮੁੱਲ ਪਾਏ !
ਸ਼ਹੀਦੀ ਮੱਥੇ ਪ੍ਰਵਾਨਦੀ ਅਜ ਪੰਥ ਜਵਾਨੀ !
ਆਸਰਾ ਤੇਰਾ ਬਖਸ਼ਿਆ, ਗੁਰੂ ਗ੍ਰੰਥ ਬਾਣੀ !
ਦੁਸ਼ਟ-ਦਮਨ ਬਾਝੋਂ ਨਾ ਇਸ ਜੁਗ-ਗਰਦੀ ਕੋਈ !
ਹੇਮਕੁੰਟ ਦੇ ਤਪੱਸਵੀ ! ਬਹੁੜੀ ਕਰ, ਨ ਹੋਰਥੈਂ ਢੋਈ !



www.AKJ.Org

# ਮਨਿ ਜੀਤੈ ਜਗੁ ਜੀਤੁ

[ ਪ੍ਰਿੰਸੀਪਲ ਸੱਜਣ ਸਿੰਘ ਜੀ, ਨਵੀਂ ਦਿੱਲੀ ]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ੨੮ਵੀਂ ਪੌੜੀ ਵਿਚ ਜੋਗੀਆ ਤੇ ਗੁਰਮਤਿ ਸਿਧਾਂਤਾਂ ਦੇ ਤੁਲਨਾਤਮਿਕ ਵਿਚਾਰ ਅੰਕਿਤ ਕੀਤੇ ਹਨ। "ਮੁੰਦਰਾਂ ਸੰਤੋਖ ਦੀਆਂ, ਖੱਪਰ ਝੋਲੀ ਮਿਹਨਤ ਦੀ, ਬਿਭੂਤੀ ਧਿਆਨ ਦੀ, ਖਫਣੀ ਮੌਤ ਦੀ ਯਾਦ, ਕਾਇਆਂ ਵਿਚ ਪਵਿੱਤਰਤਾ, ਡੰਡਾ ਨਿਸਚੇ ਦਾ, ਸ੍ਰੋਮਣੀ ਆਈ ਪੰਥ ਮਾਨਵਤਾ ਵਿਚ ਬਰਾਬਰੀ ਦਾ ਅਤੇ ਜੱਗ ਨੂੰ ਜਿੱਤਣ ਦਾ ਆਧਾਰ ਮਨ ਦੀ ਜਿੱਤ ਹੋਵੇ।" ਹਜ਼ੂਰ ਦਾ ਇਹ ਪਾਵਨ ਉਪਦੇਸ਼ ਜੋਗੀਆਂ ਦੇ ਕਰਮ ਕਾਂਡ ਤੇ ਬਾਹਰਲੇ ਭੇਖ ਪਹਿਰਾਵਿਆਂ ਨੂੰ ਦੈਵੀ ਗੁਣਾਂ ਨਾਲ ਸ਼ਿੰਗਾਰਨ ਲਈ ਹੈ।

ਬਿਬੇਕ ਬੁੱਧੀ ਦੀ ਘਾਟ ਤੇ ਰੱਬੀ ਗਿਆਨ ਤੋਂ ਕੋਰੇ ਜੋਗੀ ਅਧਿਆਤਮਕ ਖੇਤਰ ਵਿਚ ਕਈ ਰੋਗਾਂ ਦੇ ਸ਼ਿਕਾਰ ਸਨ, ਪਰ ਜੱਗ ਜਿੱਤਣ ਦਾ ਭੁਲੇਖਾ ਉਨ੍ਹਾਂ ਦੀ ਵਿਚਾਰਧਾਰਾ ਦਾ ਵਿਸ਼ੇਸ਼ ਅੰਗ ਸੀ। ਇਨ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਨਿਰਾਸ਼ਾਵਾਦੀ ਦਾ ਅੰਸ਼ ਇਸ ਹੱਦ ਤਕ ਸਮਾਇਆ ਹੋਇਆ ਸੀ ਕਿ ਇਹ ਸੰਸਾਰ ਕੇਵਲ ਬਿਖੁਵਤ ਅਤਿ ਭਉਜਲ, ਫ਼ਾਨੀ, ਸਿਹਰ ਮੇਲਾ ਤੇ ਗੁੱਝੀ ਭਾਹਿ ਨਾਲ ਜਲਦਾ ਹੀ ਪ੍ਰਤੀਤ ਹੁੰਦਾ ਸੀ। ਇਸ ਤ੍ਰਿਸ਼ਨਾ ਦੀ ਅੱਗ ਤੇ ਮੋਹ ਦੇ ਚਿੱਕੜ ਤੋਂ ਬਚਣ ਦਾ ਇਕੋ ਇਲਾਜ ਇਨ੍ਹਾਂ ਪਾਸ ਸੀ—ਘਰ-ਬਾਰ ਤਿਆਗ ਕੇ ਜੋਗ ਮੱਤ ਧਾਰਨ ਕਰਨਾ। ਪਰ ਵਾਸਤਵ ਵਿਚ ਜਿਹੜਾ ਇਨਸਾਨ ਸੰਸਾਰ-ਅਖਾੜੇ ਵਿੱਚ ਪੰਜ ਜੁਆਨਾਂ ਤੇ ਉਨ੍ਹਾਂ ਦੇ ਦੁਸ਼ਟ ਸਾਥੀਆਂ ਨਾਲ ਸੰਘਰਸ਼ ਨਹੀਂ ਕਰਦਾ, ਬਲਕਿ ਜੰਗਲਾਂ ਨੂੰ ਭੱਜਦਾ ਹੈ, ਉਹ ਜੇਤੂ ਕਿਵੇਂ ਅਖਵਾ ਸਕਦਾ ਹੈ ? ਭਾਈ ਗੁਰਦਾਸ ਜੀ ਨੇ, ਹਜ਼ੂਰ ਦੀ ਜੋਗੀ ਭੰਗਰ ਨਾਥ ਨਾਲ ਹੋਈ ਵਾਰਤਾਲਾਪ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ :—

ਖਾਧੀ ਖੁਣਸਿ ਜੁਗੀਸਰਾਂ, ਗੋਸਟਿ ਕਰਨ ਸਭੇ ਉਠਿ ਆਈ।
ਪੁਛੇ ਜੋਗੀ ਭੰਗਰਨਾਥੁ, ਤੁਹਿ ਦੁੱਧ ਵਿਚਿ ਕਿਉਂ ਕਾਂਜੀ ਪਾਈ।
ਫਿਟਿਆ ਚਾਟਾ ਦੁੱਧ ਦਾ, ਰਿੜਕਿਆਂ ਮੱਖਣੁ ਹਥਿ ਨ ਆਈ।
ਭੇਖੁ ਉਤਾਰਿ ਉਦਾਸ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ।
ਨਾਨਕ ਆਖੇ ਭੰਗਰਨਾਥ, ਤੇਰੀ ਮਾਉਂ ਕੁਚੱਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚੱਜੇ ਫੁੱਲ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ, ਫਿਰਿ ਉਨ ਕੇ ਘਰਿ ਮੰਗਣ ਜਾਈ।
ਬਿਨੁ ਦਿਤੇ, ਕਛੁ ਹਥਿ ਨ ਆਈ॥ (ਵਾਰ ੧, ਪਉੜੀ ੪੦)

ਸੰਸਾਰ ਤਿਆਗਣ ਅਤੇ ਆਪਣੇ ਮੱਤ ਨੂੰ ਸਰਬ ਸ੍ਰੇਸ਼ਟ ਸਮਝਣ ਤੋਂ ਇਲਾਵਾ ਜੋਗੀਆਂ ਦੀ ਤੀਜੀ ਭੁੱਲ ਸੀ—ਤੰਤਰ ਮੰਤਰ, ਕਰਾਮਾਤ ਤੇ ਰਿੱਧੀ ਸਿੱਧੀ ਦੀ ਪ੍ਰਾਪਤੀ ਨੂੰ ਆਪਣਾ ਜੀਵਨ-ਮਨੋਰਥ ਸਮਝਣਾ। ਸਿੱਧੇ ਸਾਦੇ ਸ਼ਰਧਾਲੂਆਂ ਉੱਤੇ ਆਪਣੀਆਂ ਕਰਾਮਾਤੀ ਸ਼ਕਤੀਆਂ ਦੁਆਰਾ ਪ੍ਰਭਾਵ ਪਾ ਕੇ ਆਪਣੀ ਉੱਤਮਤਾ ਦਾ ਸਬੂਤ ਦੇਣਾ, ਉਨ੍ਹਾਂ ਦਾ ਨਿੱਤ ਕਰਮ ਸੀ। ਇਸੇ ਤਰ੍ਹਾਂ ਦਾ ਵਿਹਾਰ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਕੀਤਾ। ਇਨ੍ਹਾਂ ਅਗਿਆਨੀਆਂ ਨੇ ਸ਼ੇਰ ਬਘਿਆੜ ਤੇ ਪੰਛੀਆਂ ਦੇ ਰੂਪ ਵਟਾ ਕੇ, ਅਗਨਿ ਦੀ ਵਰਖਾ ਕਰ ਕੇ ਹਜ਼ੂਰ ਨੂੰ ਡਰਾਉਣਾ ਚਾਹਿਆ, ਪਰ ਆਪ ਨੇ ਬਾਣੀ ਤੇ ਸ਼ਬਦ ਦੁਆਰਾ ਉਨ੍ਹਾਂ ਦੇ ਕੁਹਜੇ ਯਤਨਾਂ ਨੂੰ ਨਿਸਫਲ ਕਰ ਦਿੱਤਾ। ਅਤੇ ਉਹਨਾਂ ਨੂੰ ਗੁਰਦੇਵ ਦੇ ਚਰਨਾਂ ਤੇ ਝੁਕਣਾ ਪਿਆ।

ਗੁਰਮਤਿ ਵਿੱਚ ਜੱਗ ਜਿੱਤਣ ਦਾ ਸੰਕਲਪ ਸੁਖਾਲਾ, ਉੱਤਮ ਤੇ ਵਿਲੱਖਣ ਹੈ। ਆਮ ਤੌਰ ਤੇ ਦੂਸਰੇ ਤੇ ਪ੍ਰਭਾਵ ਪਾਉਣ ਵਾਲਾ ਜੇਤੂ ਤੇ ਦੂਸਰੇ ਦਾ ਪ੍ਰਭਾਵ ਕਬੂਲਣ ਵਾਲਾ ਹਾਰਿਆ ਸਮਝਿਆ ਜਾਂਦਾ ਹੈ। ਗੁਰਮੁਖ



www.AKJ.Org

ਸਦੈਵ ਹੀ ਜੱਗ ਦੀਆਂ ਵਾਸ਼ਨਾਵਾਂ, ਖਿੱਚਾਂ, ਮਾਇਆ ਤੇ ਚਾਰੇ ਅਗਨੀਆਂ ਤੋਂ ਨਿਰਲੇਪ ਰਹਿੰਦਾ ਹੈ। ਉਹ ਸੰਸਾਰ-ਸਾਗਰ ਦੀਆਂ ਛੱਲਾਂ, ਲਹਿਰਾਂ ਅਤੇ ਤੁਫ਼ਾਨ ਅੱਗੇ ਝੁੱਕਦਾ ਨਹੀਂ, ਬਲਕਿ ਚਟਾਨ ਵਾਂਗ ਡੱਟ ਕੇ ਇਸ ਵੇਗ ਨੂੰ ਦੂਸਰੇ ਪਾਸੇ ਮੋੜਨ ਦੀ ਸਮਰੱਥਾ ਰੱਖਦਾ ਹੈ। ਜੇ ਜੱਗ ਮੈਲਾ ਹੈ ਤਾਂ ਉਹ "ਅੰਜਨ ਮਾਹਿ ਨਿਰੰਜਨਿ ਰਹੀਐ"* ਦੀ ਜੁਗਤੀ ਨੂੰ ਆਪਣੇ ਜੀਵਨ ਵਿੱਚ ਢਾਲਦਾ ਹੈ। ਭਗਤ ਕਬੀਰ ਜੀ ਐਸੇ ਅਪਰਸ ਜਨਾਂ ਤੋਂ ਸਦਕੇ ਜਾਂਦੇ ਹਨ :–

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥੨੬॥ (ਸਲੋਕ ਕਬੀਰ ਜੀ, ਪੰਨਾ ੧੩੬੫)

ਵਿਸ਼ਾਲ ਗੁਰ-ਸਾਗਰ ਰੂਪ ਗੁਰਬਾਣੀ ਜੱਗ ਜਿੱਤਣ ਦੀਆਂ ਜੁਗਤੀਆਂ ਨਾਲ ਭਰਪੂਰ ਹੈ। ਨਿੱਜ ਰੂਪ ਦਾ ਸੁਧਾਰ ਤੇ ਆਤਮ-ਸਮਰਪਣ ਜੱਗ ਨੂੰ ਆਪਣੇ ਪਿਛੇ ਲਾ ਲੈਂਦਾ ਹੈ। ਸੱਚੇ ਮਾਰਗ ਤੇ ਚੱਲਣ ਵਾਲੇ ਦੀ, ਸਾਰਾ ਜਹਾਨ ਉਸਤਤਿ ਕਰਦਾ ਹੈ। ਇਹ ਸੰਸਾਰ ਏਨਾ ਅਕ੍ਰਿਤਘਣ ਨਹੀਂ ਕਿ ਚੰਗੇ ਪੁਰਸ਼ ਦੀਆਂ ਚੰਗਿਆਈਆਂ ਦੇ ਗੁਣ ਵਿਸਾਰ ਦੇਵੇ। ਇਸ ਪ੍ਰਤੀ ਪਾਵਨ ਹੁਕਮ ਹੈ :–

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥
(ਸਲੋਕ ਫਰੀਦ ਜੀ, ਪੰਨਾ ੧੩੮੨)

ਧ੍ਰੂਅ ਭਗਤ ਨੇ ਛੋਟੀ ਆਯੂ ਵਿਚ ਹੀ ਨਾਰਦ ਮੁਨੀ ਦੇ ਉਪਦੇਸ਼ ਦੁਆਰਾ 'ਨਾਮ ਨਿਧਾਨੁ ਅਮਿਓ ਰਸੁ ਪੀਤਾ' ਅਤੇ ਪਿਉ ਦੇ ਅੱਧਾ ਰਾਜ ਦੇਣ ਦੇ ਸੁਝਾਉ ਨੂੰ ਸਵੀਕਾਰ ਨਹੀਂ ਕੀਤਾ। ਬਾਲ ਭਗਤ ਦੀ ਪ੍ਰਾਪਤੀ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ–

ਹਾਰਿ ਚਲੇ ਗੁਰਮੁਖਿ ਜਗ ਜੀਤਾ॥ (ਵਾਰ ੧੦–ਪਉੜੀ ੧)

ਪਰ ਇਸ ਹਾਰ ਦਾ ਅਰਥ ਸੰਸਾਰ ਤੋਂ ਸ਼ਕੱਸਤ ਖਾਣ ਦਾ ਨਹੀਂ, ਬਲਕਿ ਤਿਆਗ, ਨਿਮਰਤਾ ਅਤੇ ਆਤਮ-ਸਮਰਪਣ ਹੈ, ਜਿਸ ਦੀ ਪ੍ਰੋੜ੍ਹਤਾ ਹੇਠ ਲਿਖੇ ਗੁਰ-ਫ਼ੁਰਮਾਨ ਦੁਆਰਾ ਹੁੰਦੀ ਹੈ–

ਅਬ ਹਮ ਚਲੀ ਠਾਕੁਰ ਪਹਿ ਹਾਰਿ ॥
ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥ (ਦੇਵਗੰਧਾਰੀ ਮ: ੪–੫੨੭-੨੮)

ਭਗਤ ਕਬੀਰ ਜੀ ਦੇ ਬਚਨਾਂ ਅਨੁਸਾਰ ਨਿਮਰਤਾ ਇਕ ਐਸਾ ਭਰੋਸੇਯੋਗ ਹਥਿਆਰ ਹੈ, ਜਿਸ ਦੇ ਵਰਤਣ ਵਾਲਾ ਪੁਰਸ਼ ਜ਼ਾਹਰਾ ਤੌਰ ਤੇ ਡੁੱਬਦਾ ਪ੍ਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਉਹ ਇਸ ਭਵਜਲ-ਸੰਸਾਰ ਨੂੰ ਤਰ ਕੇ ਪਾਰ ਹੋ ਜਾਂਦਾ ਹੈ–

ਜੀਤੇ ਬੂਡੇ ਹਾਰੇ ਤਿਰੇ ॥ ਗੁਰ ਪਰਸਾਦੀ ਪਾਰਿ ਉਤਰੇ ॥੩॥੧੪॥ (ਭੈਰਉ ਕਬੀਰ ਜੀ–੧੧੬੧)

ਦ੍ਰਿਸ਼ਟਮਾਨ-ਸੰਸਾਰ ਸੁੱਖਾਂ ਦੀ ਸੇਜ ਨਹੀਂ, ਉਹ ਇਕ ਮਹਾਨ ਜੁੱਧ ਦਾ ਖੇਤਰ ਹੈ, ਦੈਵੀ ਤੇ ਦਾਨਵੀ ਸ਼ਕਤੀਆਂ ਦੇ ਸੰਗਰਾਮ ਦਾ ਅਖਾੜਾ ਹੈ। ਸੰਸਾਰ ਦੇ ਚਿੱਕੜ ਰੂਪੀ ਮੋਹ ਤੋਂ ਨਿਰਮੋਹ ਹੋ ਕੇ ਹੀ ਜਿਤ ਦਾ ਮੂੰਹ ਦੇਖਿਆ ਜਾ ਸਕਦਾ ਹੈ। ਵਾਰ ਰੋਕਣ ਲਈ ਨਿਮਰਤਾ ਸੰਜੋਅ ਹੈ। ਸਤਿਗੁਰੂ ਜੀ ਦਾ ਇਹ ਅੰਮ੍ਰਿਤ-ਮਈ ਉਪਦੇਸ਼ ਸਾਧਕਾਂ ਤੇ ਪਾਂਧੀਆਂ ਨੂੰ ਸਫਲਤਾ ਬਖ਼ਸ਼ਣ ਲਈ ਕਿੰਨਾ ਉਤਸ਼ਾਹਤ ਕਰਦਾ ਹੈ–

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥੪॥੯॥ (ਪ੍ਰਭਾਤੀ ਮ: ੧–੧੩੩੦)

ਭਾਵੇਂ ਉਹੋ ਘੜੀ ਸੁਲੱਖਣੀ ਹੈ, ਜਦ ਸੁਰਤੀ ਪਰਮਾਤਮਾ ਦੇ ਚਰਨਾਂ ਨਾਲ ਜੁੜੇ, ਪਰ ਅੰਮ੍ਰਿਤ ਵੇਲੇ ਦੇ ਸਿਮਰਨ ਦੀ ਮਹਿਮਾ ਤੇ ਕਦਰ ਜਿੰਨੀ ਗੁਰਮਤਿ ਨੇ ਵਰਨਣ ਕੀਤੀ ਹੈ, ਹੋਰ ਕਿਸੇ ਨੇ ਨਹੀਂ। ਜਟਾਧਾਰੀਆ ਤੇ

---
* ਸੂਹੀ ਮਹਲਾ ੧, ਪੰਨਾ ੭੩੦

'ਸੂਰਾ' ਅੰਮ੍ਰਿਤਸਰ, ਫ਼ਰਵਰੀ ੧੯੯੧



www.AKJ.Org

ਨਾਂਗੇ ਸਾਧੂਆਂ ਦੀ ਜੀਵਨ-ਜੁਗਤੀ ਗੁਰਮਤਿ ਨਾਲ ਬਿਲਕੁਲ ਮੇਲ ਨਹੀਂ ਖਾਂਦੀ । ਉਨ੍ਹਾਂ ਦੁਆਰਾ ਪਿੰਡੇ ਤੇ ਲੇਪਨ ਤੇ ਗੁਫਾ ਵਿਚ ਵਾਸ ਨੂੰ ਪ੍ਰਭੂ-ਪ੍ਰਾਪਤੀ ਦਾ ਮਾਰਗ ਅਪਣਾਉਣ ਦਾ ਰਹੱਸ ਸਮਝ ਤੋਂ ਬਾਹਰ ਹੈ–

ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥੨॥ (ਮਾਰੂ ਕਬੀਰ ਜੀਉ--੧੧੦੩)

ਨਾ ਤਾਂ ਅਧਿਆਤਮਕਤਾ ਦਾ ਤੱਤ ਨਜ਼ਰ ਆਉਂਦਾ ਹੈ, ਨਾ ਹੀ ਸਰੀਰ ਨੂੰ ਸੁੰਦਰ ਤੇ ਅਰੋਗ ਰੱਖਣ ਦਾ ਉਪਰਾਲਾ । ਕੁਰਾਹੇ ਪਈਆਂ ਸ਼੍ਰੇਣੀਆਂ ਦੀਆਂ ਸਭ ਜੁਗਤੀਆਂ, ਭੱਟਾਂ ਨੇ ਗਹੁ ਨਾਲ ਵਿਚਾਰੀਆਂ ਤੇ ਇਹ ਤੱਤ ਕੱਢਿਆ ਕਿ ਗ਼ਲਤ ਢੰਗ ਨਾਲ ਕੀਤਾ ਕਰਮ ਅੰਤ ਨੂੰ (ਵੇਰਾਸ) ਹੋ ਕੇ ਰਹਿੰਦਾ ਹੈ । ਉਨ੍ਹਾਂ ਨੇ ਪਹਿਲੇ ਪੰਜ ਗੁਰੂ ਵਿਅਕਤੀਆਂ ਦੀ ਉਸਤਤਿ ਕਰ ਕੇ ਨਾ-ਕੇਵਲ ਗੁੱਝੀਆਂ ਰਮਜ਼ਾਂ, ਅਨੁਭਵਾਂ, ਤੇ ਦੈਵੀ ਗੁਣਾਂ ਦੀ ਵਰਖਾ ਕੀਤੀ ਹੈ, ਬਲਕਿ ਆਪਣੀ ਆਤਮਕ ਭੁੱਖ ਤੇ ਉਸ ਦੀ ਤ੍ਰਿਪਤੀ ਦਾ ਵੀ ਜ਼ਿਕਰ ਕੀਤਾ ਹੈ । ਗੁਰਮਤਿ ਵਿਚ ਜੱਗ ਜਿੱਤਣ ਦੀ ਸਫਲ ਅਮਲੀ ਜੁਗਤੀ ਨੂੰ ਇਸਤਰ੍ਹਾਂ ਬਿਆਨਿਆ ਹੈ–

ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥
ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥੭॥

(ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੭)

ਇਹ ਸੰਸਾਰ ਦੀ ਜਿੱਤ 'ਨਾਮ' ਦੀ ਬਰਕਤ ਵਿਚ ਹੈ । ਮਨਮੁਖ, ਨਾਸਤਕ, ਮਾਇਆਧਾਰੀ, ਇਹ ਸਾਰੇ ਪ੍ਰਭੂ ਉਸਤਤੀ, ਬਿਬੇਕ ਬੁੱਧੀ ਤੇ ਗੁਰ-ਸ਼ਬਦ ਵੀਚਾਰ ਤੋਂ ਕੋਹਾਂ ਦੂਰ ਰਹਿੰਦੇ ਹਨ । ਆਪਣੇ ਕਰਮਾਂ ਅਨੁਸਾਰ, ਇਨ੍ਹਾਂ ਦੇ ਮੱਥੇ ਤੇ ਝੂਠ ਤੇ ਹੰਕਾਰ ਦੀਆਂ ਨਰਦਾਂ ਨਾਲ ਹਉਮੈ ਦੀ ਖੇਡ ਵਿਚ ਜੁਆਰੀਏ ਵਾਂਗਰ ਖੁਆਰ ਹੋਣਾ ਲਿਖਿਆ ਹੈ :–

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥
ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥੫॥ (ਆਸਾ ਮ: ੧–੪੨੨)

ਸਾਰਾਂਸ਼, ਗੁਰੂ ਨਾਨਕ ਦੇਵ ਜੀ ਦੀ ਸਾਰੀ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਜਾਂ ਧੁਰਾ, ਕੇਵਲ ਨਾਮ ਹੈ, ਜਿਸ ਤੋਂ ਹਰ ਪ੍ਰਕਾਰ ਦੀ ਸ਼ਕਤੀ ਉਤਪੰਨ ਹੁੰਦੀ ਹੈ । ਨਾਮ-ਸਿਮਰਨ ਦੀ ਓਟ ਲੈਣ ਵਾਲਾ ਗਿਆਨੀ ਜਾਂ ਗੁਰਮੁਖ ਹੈ, ਬਾਕੀ ਸਾਰਾ ਜਗਤ ਤ੍ਰੈਗੁਣੀ ਮਾਇਆ ਦਾ ਪਸਾਰਾ ਹੈ । ਐਸੇ ਜਗਤ ਵਿਚ ਗਿਆਨੀ ਤੇ ਸਾਧਾਰਨ ਜੀਵ ਦੀ ਤੁੱਲਨਾ ਹਜ਼ੂਰ ਦੇ ਮੁਖਵਾਕ ਤੋਂ ਸਪੱਸ਼ਟ ਦਿਖਾਈ ਦਿੰਦੀ ਹੈ–

ਨਾਨਕ ਗਿਆਨੀ ਜਗੁ ਜੀਤਾ, ਜਗਿ ਜੀਤਾ ਸਭੁ ਕੋਇ ॥
ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥੧॥੨॥

[ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੪੮)

ਅਰਥਾਤ, ਗਿਆਨੀ ਨੇ ਜਿਸ ਜਗ ਨੂੰ ਜਿਤਿਆ ਹੈ, ਉਸ (ਜੱਗ) ਨੇ ਬਾਕੀ ਸਭ ਨੂੰ ਜਿੱਤਿਆ ਹੈ ।

ਨਾਮ ਦੁਆਰਾ ਕਾਰਜ ਸਿੱਧ ਹੋਣਾ ਇਕ ਅਟੱਲ ਸਚਾਈ ਹੈ, ਜਿਸ ਦੀ ਪ੍ਰੋੜ੍ਹਤਾ ਵਿਚ ਸਿੱਖ ਇਤਿਹਾਸ ਦਾ ਪੰਨਾ ਪੰਨਾ ਗਵਾਹੀ ਦਿੰਦਾ ਹੈ । ਮਨ ਦਾ ਸੰਬੰਧ ਮਨ ਨਾਲ ਤੇ ਸਰੀਰ ਦਾ ਸੰਬੰਧ ਸਰੀਰ ਨਾਲ ਹੈ । ਸਰੀਰਕ ਸ਼ਕਤੀ ਦੁਆਰਾ ਦੂਸਰੇ ਸਰੀਰ ਤੇ ਰਾਜ ਕੀਤਾ ਜਾ ਸਕਦਾ ਹੈ, ਪਰ ਮਨ ਤੇ ਨਹੀਂ; ਜਦ ਕਿ ਨਾਮ ਦੁਆਰਾ ਬਲਵਾਨ ਹੋਇਆ ਮਨ, ਦੂਸਰੇ ਮਨ ਨੂੰ ਪ੍ਰੇਰਤ ਕਰਕੇ ਸੱਚੀ ਸੁੱਚੀ ਬੇਗਰਜ਼ ਅਣਦਿਸਦੀ ਹਕੂਮਤ ਕਰਦਾ ਹੈ । ਬਾਦਸ਼ਾਹੀ ਜਦ ਆਪਣੀ ਰਾਜਸੀ ਸ਼ਕਤੀ ਵਰਤ ਕੇ ਵਧੀਕੀਆਂ ਤੇ ਉਤਰਦੀ ਹੈ ਤਾਂ ਮਜ਼ਲੂਮ ਦਾ ਤਨ ਭਾਵੇਂ ਮਜਬੂਰ ਹੋਵੇ, ਪਰ ਮਨ ਵਿਚ ਬਗਾਵਤ ਜਾਂ ਬਦਲੇ ਦੀ ਭਾਵਨਾ ਦਾ ਬੀਜ ਫੁੱਟ ਪੈਂਦਾ ਹੈ ।

ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹ, ਤੇ ਔਰੰਗਜ਼ੇਬ ਬਾਦਸ਼ਾਹ ਹੈ । ਇਕ ਦਰਵੇਸ਼ ਹੈ, ਜਿਸ ਨੇ ਭੋਰੇ ਵਿਚ ਮਨ ਦੀ ਸਾਧਨਾ ਕੀਤੀ, ਦੂਸਰਾ ਆਲਮਗੀਰ ਰਾਜਾ ਹੈ, ਜਿਸ ਨੇ ਬਾਹੂ-ਬਲ ਨਾਲ ਹਕੂਮਤ ਸੰਭਾਲੀ ।



www.AKJ.Org

ਇਕ ਦਾ ਰਾਜ ਮਨਾਂ ਤੇ, ਜਿਹੜੇ ਸਰੀਰ ਨੂੰ ਠੀਕਰ ਸਮਝ ਕੇ ਪਰਵਾਨੇ ਵਾਂਗ ਸ਼ਹਾਦਤ ਪਾਉਂਦੇ ਵੀ ਅਡੋਲ ਹਨ, ਦੂਸਰੇ ਦਾ ਰਾਜ ਤਨਾਂ ਤੇ, ਜਿਸ ਨੇ ਜ਼ੋਰ ਨਾਲ ਨਿਵਾਏ ਹਨ ਜਾਂ ਰੁਪਏ ਨਾਲ ਖ਼ਰੀਦੇ ਹਨ। ਅਦੁੱਤੀ ਸਾਕਾ ਵਰਤ ਗਿਆ, ਜਿਸ ਦਾ ਸਿੱਟਾ ਇਹ ਨਿਕਲਿਆ, "ਗੁਰਦੇਵ ਜੀ ਦੇ ਪਾਵਨ ਫੁਰਮਾਨ ਤੇ ਬੇਅੰਤ ਸ਼ਰਧਾਲੂ ਆਪਣਾ ਤਨ, ਮਨ, ਧਨ ਕੁਰਬਾਨ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਆਏ ਹਨ, ਜਦ ਕਿ ਔਰੰਗਜ਼ੇਬ ਦੀ ਕਬਰ ਤੇ ਚਰਾਗ਼ ਰੌਸ਼ਨ ਕਰਨ ਵਾਲਾ ਵੀ ਕਈ ਲੋੜਾਂ ਦਾ ਮੁਹਤਾਜ ਹੈ।"

ਤਾਂ ਤੇ ਅੰਮ੍ਰਿਤ ਨਾਮ 'ਗੁਰ-ਸਬਦੁ' ਦੁਆਰਾ ਮਨ ਦਾ ਜਿੱਤਣਾ ਪ੍ਰਾਥਮਕ ਕਦਮ ਹੈ, ਪਰ ਆਮ ਤੌਰ ਤੇ ਸਾਡੀਆਂ ਸਹਸ ਸਿਆਣਪ੍ਹਾਂ ਤੇ ਚਤਰਾਈਆਂ, ਦਹਦਿਸਿ ਧਾਂਵਦੇ ਮਨ ਦੀ ਚੰਚਲਤਾ, ਭਟਕਣਾ ਤੇ ਕਠੋਰਤਾ ਨੂੰ ਵੱਸ ਕਰਨ ਵਿਚ ਅਸਫਲ ਰਹਿੰਦੀਆਂ ਹਨ। ਐਸੀ ਔਕੜ ਵੇਲੇ ਜਦ ਕੋਈ ਔਖਧੀ ਰਾਸ ਨਹੀਂ ਆਉਂਦੀ, ਗੁਰਦੇਵ ਜੀ ਦਾ ਫੁਰਮਾਨ ਵਡਮੁੱਲੀ ਜੁਗਤੀ ਪਰਦ ਨ ਕਰਦਾ ਹੈ :

ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ ॥
ਮਨੁ ਮਾਹਿ ਤੁਹੀ ਨਿਰੰਜਨਾ ਕਹੁ ਨਾਨਕ ਸਰਨੰ ॥੮॥੧॥੫॥
(ਗੂਜਰੀ ਮਹਲਾ ੧ ਘਰੁ ੪, ਪੰਨਾ ੫੦੫)

ਅਰਥਾਤ, ਆਪਾ ਤਿਆਗ ਕੇ ਗੁਰਦੇਵ ਅੱਗੇ ਨਿਸ਼ਚੇ ਭਰੀ ਐਸੀ ਅਰਦਾਸ ਕਰਨੀ ਹੈ, "ਸੱਚੇ ਨਾਮ ਦੀ ਪੂੰਜੀ ਲੋਭ ਲਹਿਰ ਤੇ ਅਨਿਕ ਦੋਸ਼ਾਂ ਨੂੰ ਦੂਰ ਕਰਦੀ ਹੈ, ਹੇ ਦਾਤਾਰ ਪਿਤਾ! ਮੈਂ ਆਪਣੇ ਬਾਹੂ ਬਲ ਨਾਲ ਮਨ ਮਾਰਨ ਵਿਚ ਅਸਮਰਥ ਹਾਂ, ਸਾਰੇ ਦੁਆਰੇ ਛੱਡ ਕੇ ਤੁਹਾਡੀ ਸਰਣਿ ਆਇਆ ਹਾਂ, ਤੁਸੀਂ ਆਪ ਹੀ ਮੇਰੇ ਚੰਚਲ ਮਨ ਨੂੰ ਵਸੀਕਾਰ ਕਰੋ।" ਇਹ ਸਤਿਗੁਰੂ ਦਾ ਪਾਵਨ ਬਿਰਦ ਹੈ ਕਿ ਉਹ ਪ੍ਰੇਮ-ਵਿੰਨ੍ਹੇ-ਹਿਰਦੇ ਵਿਚੋਂ ਨਿਕਲੀ ਹੂਕ ਨੂੰ ਸੁਣ ਕੇ ਅਵੱਸ਼ ਹੀ ਰਹਿਮਤ ਦੇ ਘਰਿ ਆਉਂਦਾ ਹੈ।

ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥੮॥
(ਮਾਰੂ ਵਾਰ ਮਹਲਾ ੩, ਪੰਨਾ ੧੦੮੯)

ਉਪਰ ਲਿਖੇ ਫ਼ੁਰਮਾਨ ਵਿਚ ਕਿੰਨੀ ਸਪੱਸ਼ਟਤਾ ਹੈ ਕਿ ਹਰ ਹੀਲੇ ਦਾ ਆਖ਼ਰੀ ਪੜਾਅ ਸਤਿਗੁਰੂ ਦੀ ਰਹਿਮਤ ਹੈ। ਇਸ ਨਦਰਿ ਕਰਮਿ ਦੁਆਰਾ—(੧) ਮੋਹ ਦੀ ਫਾਹੀ ਕੱਟੀ ਜਾਣੀ, (੨) ਆਵਾਗਉਣ ਦੀ ਚੁਰਾਸੀ ਤੋਂ ਮੁਕਤੀ, (੩) ਮਨ ਦੀ ਜਿੱਤ ਤੇ ਜੀਵਨ ਦੇ ਹਰੇਕ ਖੇਤਰ ਵਿਚ ਫ਼ਤਹ, (੪) ਨਿਹਚਲ ਆਸਣ ਦੀ ਬਖ਼ਸ਼ਸ਼, ਤੇ (੫) ਹਰ ਕਿਸਮ ਦੀ ਭਟਕਣ ਤੋਂ ਛੁਟਕਾਰਾ, ਆਦਿ ਦੀਆਂ ਪ੍ਰਾਪਤੀਆਂ ਸਹਜੇ ਹੀ ਹੁੰਦੀਆਂ ਹਨ। ਇਨ੍ਹਾਂ ਦਾ ਮੂਲ ਆਧਾਰ ਹਜ਼ੂਰ ਦਾ ਇਹ ਮੁਖਵਾਕ ਹੈ :—

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥੩੮॥
(ਸਲੋਕੁ, ਗਉੜੀ ਬਾਵਨ ਅਖਰੀ ਮ: ੫—ਪੰਨਾ ੨੫੮)

---

# ਬਕਾਏ ਅਮਾਨਤੀ ਲਾਈਫ਼ ਮੈਂਬਰ (ਸੂਰਾ)

ਅਤਿ ਮਹਿੰਗਾਈ ਤੇ ਵਧੇ ਰੇਟਾਂ ਕਰਕੇ 'ਸੂਰਾ' ਦੇ ਮਾਮੂਲੀ ਚੰਦੇ ਅਪ੍ਰੈਲ ਤੋਂ ਵਧਾਏ ਗਏ। ਅਮਾਨਤੀ ਲਾਈਫ਼ ਮੈਂਬਰਾਂ ਦੇ ਦੇਸ਼ ਅਤੇ ਪ੍ਰਦੇਸ ਵਿਚ 'ਸੂਰਾ' ਦੇ ਚੰਦੇ ਪੂਰੇ ਕਰਨ ਲਈ ਨਾਲ ਹੀ ਵਧੇ ਹਨ। ਜਿਨ੍ਹਾਂ ਸਜਣਾਂ ਵਲੋਂ ਇਹ ਬਕਾਏ ਅਜੇ ਤਕ ਨਹੀਂ ਪੁਜੇ ਉਹ ਆਪਣੇ ਬਕਾਏ ਹੇਠ ਲਿਖੇ ਅਨੁਸਾਰ ਭੇਜ ਕੇ ਇਸ ਮਹਿੰਗਾਈ ਸਮੇਂ ਸਾਡਾ ਹੱਥ ਵਟਾਉਣ—

ਦੇਸ (ਭਾਰਤ ਵਿਚ) 50-00 ਪ੍ਰਦੇਸ (ਹਵਾਈ ਡਾਕ) 500-00

ਅਮਾਨਤੀ ਲਾਈਫ਼ ਮੈਂਬਰਾਂ ਦੀ ਇਹ ਸਾਰੀ ਰਕਮ ਉਨ੍ਹਾਂ ਦੀ ਅਮਾਨਤ ਹੈ, ਅਸੀਂ ਇਸ ਦਾ ਕੇਵਲ ਸੂਦ ਸਾਲਾਨਾ ਚੰਦੇ ਵਜੋਂ ਹੀ ਲੈਣਾ ਹੈ।



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ

[ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ]

ਇਤਿਹਾਸਕ ਖੋਜ ਇਹ ਦਸਦੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਦਸੰਬਰ ੧੭੦੪ ਦੀ ਘੇਰਾਬੰਦੀ ਸਮੇਂ ਔਰੰਗਜ਼ੇਬ ਆਪ ਤਾਂ ਦਖਣ ਵਿਚ ਮਰਹੱਟਿਆਂ ਨਾਲ ਲਗ ਪਗ ੨੩ ਸਾਲਾਂ ਤੋਂ ਜੰਗ ਕਰਦਾ ਆ ਰਿਹਾ ਸੀ। ਇਧਰ ਤਾਂ ਉਸ ਨੇ ਸੂਬਾ ਲਾਹੌਰ ਅਤੇ ਸੂਬਾ ਸਰਹਿੰਦ ਨੂੰ ਹੁਕਮ ਕਰ ਭੇਜਿਆ ਕਿ ਪਹਾੜੀ ਰਾਜਿਆਂ ਦੇ ਨਾਲ ਹੋ ਕੇ ਗੁਰੂ ਜੀ ਉਪਰ ਤੁਰਤ ਹਮਲਾ ਕੀਤਾ ਜਾਵੇ ਅਤੇ ਉਹਨਾਂ ਨੂੰ ਹਰਾਏ ਬਿਨਾਂ ਜੰਗਬੰਦੀ ਨਾ ਕੀਤੀ ਜਾਵੇ। ਇਸ ਹੁਕਮ ਅਨੁਸਾਰ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਆ ਘੇਰਿਆ। ਕਈ ਵਾਰ ਜੁੱਧ ਹੋਇਆ ਅਤੇ ਹਰ ਵਾਰੀ ਖਾਲਸਾ ਫੌਜ ਦਾ ਪਲੜਾ ਭਾਰੀ ਰਿਹਾ। ਜੰਗ ਦਾ ਕੋਈ ਸਿੱਟਾ ਨਾ ਨਿਕਲਦਾ ਵੇਖ ਕੇ ਇਕ ਜੰਗੀ-ਚਾਲ ਖੇਡੀ ਗਈ।

ਜ਼ਫਰਨਾਮੇ ਵਿਚ ਜ਼ਿਕਰ ਆਉਂਦਾ ਹੈ ਕਿ ਔਰੰਗਜ਼ੇਬ ਨੇ ਇਕ ਕਾਜ਼ੀ ਰਾਹੀਂ ਕੁਝ ਜ਼ੁਬਾਨੀ ਅਤੇ (ਕੁਝ ਲਿਖਤੀ) ਇਕ ਪੱਤਰ ਭੇਜਿਆ, ਜਿਸ ਵਿਚ ਇਸ ਗੱਲ ਦਾ ਪੂਰਾ ਭਰੋਸਾ ਦਿਵਾਇਆ ਗਿਆ ਸੀ ਕਿ ਜੇ ਗੁਰੂ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਣਾ ਪਰਵਾਨ ਕਰ ਲੈਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਇਹ ਇਕਰਾਰ ਔਰੰਗਜ਼ੇਬ ਵਲੋਂ ਕੀਤਾ ਗਿਆ ਸੀ। ਘੇਰਾ-ਬੰਦੀ ਵਾਲੇ ਸ਼ਾਹੀ ਅਫਸਰਾਂ ਅਤੇ ਪਹਾੜੀ ਰਾਜਿਆਂ ਵਲੋਂ ਭੀ ਕੁਰਾਨ ਦੀਆਂ ਕਸਮਾਂ ਅਤੇ ਗਊ-ਮਾਤਾ ਦੀ ਸਹੁੰ ਖਾ ਕੇ ਗੁਰੂ ਜੀ ਨੂੰ ਭਰੋਸਾ ਦਿਵਾਇਆ ਗਿਆ ਸੀ। ਇਹ ਸਭ ਕੁਝ ਕਿਲ੍ਹਾ ਛਡਣ ਤੋਂ ਦੋ ਦਿਨ ਪਹਿਲਾਂ ਕੀਤਾ ਗਿਆ ਸੀ।

ਇਹ ਤਾਂ ਸਭ ਜਾਣਦੇ ਹੀ ਹਨ, ਕਿਵੇਂ ਸ਼ਾਹੀ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਆਪਣੀਆਂ ਧਾਰਮਕ ਕਸਮਾਂ ਨੂੰ ਉਲੰਘ ਕੇ ਗੁਰੂ ਜੀ ਦੀਆਂ ਸਿਦਕੀ ਫ਼ੌਜਾਂ ਤੇ ਹਮਲਾ ਕਰ ਦਿਤਾ। ਇਸ ਅਫਰਾ-ਤਫਰੀ ਵਿਚ ਖਾਲਸਾ ਫ਼ੌਜ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਸ਼ਾਹੀ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਆਪ-ਹੁਦਰੋਂ ਇਹ ਅੰਦਾਜ਼ਾ ਲਾ ਲਿਆ ਕਿ ਗੁਰੂ ਗੋਬਿੰਦ ਸਿੰਘ ਜੀ ਹਾਰ ਮੰਨ ਗਏ ਹਨ।

ਪਰ, ਕੀ ਹਾਰਿਆ ਜਰਨੈਲ ਭੀ (ਜਿੱਤ-ਨਾਮ) ਜ਼ਫਰਨਾਮਾ ਲਿਖ ਸਕਦਾ ਹੈ ? ਇਹ ਇਤਿਹਾਸ ਵਿਚ ਪਹਿਲੀ ਵਾਰ ਇੰਜ ਹੋਇਆ ਹੈ। ਸਤਿਗੁਰੂ ਜੀ ਇਸ ਬਾਹਰਮੁਖੀ ਹਾਰ ਨੂੰ ਜਿੱਤ ਦਸਦੇ ਹੋਏ ਸ੍ਰੀ ਅਕਾਲ ਪੁਰਖ ਜੀ ਦੇ ਰਚੇ ਹੋਏ ਜਗਤ-ਤਮਾਸ਼ੇ ਅੰਦਰ ਡੋਲੇ ਨਹੀਂ। ਗੁਰਬਾਣੀ ਦਾ ਫ਼ੁਰਮਾਨ ਹੈ :—

ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੇ ॥੧॥੨੨॥

[ਕਾਨੜਾ ਮਹਲਾ ੫, ਪੰਨਾ ੧੩੦੨

ਇਸ ਜਗਤ-ਤਮਾਸ਼ੇ ਵਿਚ ਬੁਰਾ ਕੁਝ ਭੀ ਨਹੀਂ, ਭਲਾ ਮਨਾਉਣ ਵਾਲਿਆਂ ਲਈ ਹਾਰ ਹੈ ਹੀ ਨਹੀਂ, ਸਭ ਜਿੱਤ ਹੀ ਜਿੱਤ ਹੈ।

ਆਮ ਤੌਰ ਤੇ ਜੇ ਕੋਈ ਮੁਗ਼ਲ ਬਾਦਸ਼ਾਹ ਨੂੰ ਪਤਰ ਲਿਖੇ ਤਾਂ ਉਸ ਲਈ ਰਿਵਾਜ ਦੇ ਤੌਰ ਤੇ ਅਤੇ ਪ੍ਰਸ਼ਾਸਕੀ ਰਿਵਾਇਤ ਅਨੁਸਾਰ ਉਹ ਬਾਦਸ਼ਾਹ ਸਲਾਮਤ ਦੇ ਸਭ ਤੋਂ ਪਹਿਲਾਂ ਸੋਹਲੇ ਗਾਵੇ ਤੇ ਫਿਰ ਆਪਣੀ ਬੇਨਤੀ ਕਰੇ। ਪਰ ਸਤਿਗੁਰੂ ਸਾਹਿਬਾਨ ਜਗਤ ਦੀ ਮਰਯਾਦਾ ਨਾਲ ਤੁਰਨ ਵਾਲੇ ਨਹੀਂ ਸਨ। ਜ਼ਫਰਨਾਮੇ ਦੇ ਪਹਿਲੇ ੧੨ ਬੰਦਾਂ ਵਿਚ ਸ੍ਰੀ ਅਕਾਲ ਪੁਰਖ ਜੀ ਦੀ ਉਸਤਤਿ ਕਰਦੇ ਹਨ। ਪਰਮਾਤਮਾ ਕਿਰਪਾਲੂ ਹੈ, ਦਾਤਾਂ ਬਖਸ਼ਸ਼ ਕਰਨ ਵਾਲਾ ਹੈ, ਭੁਲਾਂ ਮਾਫ਼ ਕਰਨ ਵਾਲਾ ਹੈ, ਅਨਾਥਾਂ ਨੂੰ ਪਾਲਣਹਾਰ ਹੈ, ਦੁਸ਼ਮਣਾਂ ਨੂੰ ਖੈ ਕਰਨ ਵਾਲਾ ਹੈ।

ਤੇਰ੍ਹਵੇਂ ਬੰਦ ਤੋਂ ਆਪ ਆਪਣੀ ਗੱਲ (ਦਾਸਤਾਂ) ਅਰੰਭ ਕਰਦੇ ਹਨ। ਬੜੇ ਖੁਲ੍ਹੇ ਸ਼ਬਦਾਂ ਵਿਚ ਆਪ ਹਿੰਦੁਸਤਾਨ ਦੇ ਸ਼ਹਿਨਸ਼ਾਹ ਨੂੰ ਲਿਖ ਰਹੇ ਹਨ—



www.AKJ.Org

"ਵੇਖ ! ਇਕੋ ਇਕ ਵਾਹਿਗੁਰੂ ਸਾਖੀ ਹੈ, ਮੈਨੂੰ ਤੇਰੀ ਇਸ ਕਸਮ ਉਤੇ ਕੋਈ ਭਰੋਸਾ ਨਹੀਂ ਸੀ। ਮੈਨੂੰ ਰਤਾ ਭਰ ਵੀ ਭਰੋਸਾ ਨਹੀਂ ਸੀ ਆਉਂਦਾ, ਕਿਉਂਕਿ ਤੇਰੇ ਬਖਸ਼ੀ ਅਤੇ ਦੀਵਾਨ (ਸੈਨਿਕ ਅਤੇ ਅਸੈਨਿਕ ਅਧਿਕਾਰੀ) ਸਾਰੇ ਝੂਠ ਬੋਲਣ ਵਾਲੇ ਸਨ। ਔਰੰਗਜ਼ੇਬ ! ਜੇਕਰ ਮੈਂ ਗੁਪਤ ਰੂਪ ਵਿਚ ਵੀ ਕੁਰਾਨ ਸ਼ਰੀਫ ਦੀ ਕਸਮ ਖਾ ਲੈਂਦਾ ਤਾਂ ਆਪਣੇ ਕੀਤੇ ਕੌਲ ਤੋਂ ਇਕ ਕਦਮ ਭੀ ਅਗੇ ਪਿਛੇ ਨਾ ਹੁੰਦਾ।" (ਬੰਦ ਨੰਬਰ ੧੮)

"ਤੇਰਾ ਇਹ ਕੀਤੇ ਕੌਲ-ਕਰਾਰ ਤੋੜਨ ਵਾਲਾ ਲਸ਼ਕਰ ਮਾਰੂ ਹਥਿਆਰਾਂ ਨਾਲ ਲੈਸ, ਮੇਰੇ ਚਾਲੀ ਕੁ ਭੁੱਖਣ-ਭਾਣੇ ਖਾਲਸੇ ਤੇ ਅਚਨਚੇਤ ਆ ਪਿਆ। ਇਸ ਲਈ ਮੈਨੂੰ ਮਜਬੂਰਨ ਮੈਦਾਨੇ-ਜੰਗ ਵਿਚ ਤੀਰ ਕਮਾਨ ਅਤੇ ਹੋਰ ਅਸਤਰ ਸ਼ਸਤਰ ਵਰਤਣੇ ਪਏ ਕਿਉਂਕਿ ਜਦੋਂ ਗੱਲ ਸਾਰੇ ਹੀਲੇ ਅਤੇ ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਧੂ ਲੈਣੀ ਹੀ ਧਰਮ ਹੁੰਦਾ ਹੈ। ਹੁਣ ਤੂੰ ਹੀ ਦਸ, ਤੇਰੀ ਕੁਰਾਨ ਸ਼ਰੀਫ ਦੀ ਖਾਧੀ ਕਸਮ ਦਾ ਮੈਂ ਕੀ ਇਤਬਾਰ ਕਰਾਂ। ਮੇਰਾ ਇਸ ਲੜਾਈ ਭਿੜਾਈ ਦੇ ਰਾਹ ਨਾਲ ਕੀ ਵਾਸਤਾ ? (ਬੰਦ ੨੩)। ਮੈਨੂੰ ਇਹ ਪਤਾ ਨਹੀਂ ਸੀ ਕਿ ਆਪਣੇ ਕੀਤੇ ਬਚਨਾਂ ਤੋਂ ਫਿਰ ਜਾਣ ਵਾਲਾ (ਸ਼ਹਿਨਸ਼ਾਹ) ਦੌਲਤ ਦਾ ਭੁੱਖਾ ਹੈ ਅਤੇ ਇਸ ਦੀ ਖ਼ਾਤਰ ਆਪਣੇ (ਧਰਮ) ਈਮਾਨ ਨੂੰ ਭੀ ਪਰੇ ਸੁੱਟ ਸਕਦਾ ਹੈ (ਬੰਦ ੪੫)। ਐ ਔਰੰਗਜ਼ੇਬ ! ਨਾ ਤੂੰ ਦੀਨ-ਈਮਾਨ ਉਤੇ ਕਾਇਮ ਰਿਹਾ ਹੈਂ ਅਤੇ ਨਾ ਹੀ ਤੂੰ ਇਸਲਾਮੀ ਸ਼ਰੀਅਤ ਦਾ ਪਾਬੰਦ ਹੈਂ। ਤੈਨੂੰ ਨਾ ਤਾਂ ਰੱਬ ਦੀ ਪਛਾਣ ਹੈ ਅਤੇ ਨਾ ਹੀ ਤੈਨੂੰ ਆਪਣੇ ਮੁਰਸ਼ਦ–ਹਜ਼ਰਤ ਮੁਹੰਮਦ–ਤੇ ਯਕੀਨ ਹੈ (ਬੰਦ ੪੬)। ਜੋ ਆਦਮੀ ਧਰਮੀ ਹੁੰਦਾ ਹੈ ਉਹ ਕਦੀ ਆਪਣੇ ਕੀਤੇ ਵਾਇਦਿਆਂ ਤੋਂ ਨਹੀਂ ਮੁਕਰਦਾ (ਬੰਦ ੪੭)।"

ਜ਼ਫਰਨਾਮੇ ਦੀਆਂ ਉਪਰਲੀਆਂ ਕੁਝ ਸਤਰਾਂ ਸੇਧ ਦਿੰਦੀਆਂ ਹਨ ਕਿ ਦਸਮੇਸ਼ ਸਤਿਗੁਰੂ ਨੇ ਕਦੀ ਭੀ ਧਰਮ-ਈਮਾਨ ਦਾ ਪਲਾ ਨਹੀਂ ਛਡਿਆ। ਉਹਨਾਂ ਦਾ ਧਰਮ–ਅਤੇ ਧਰਮ ਦੀਆਂ ਕਦਰਾਂ ਕੀਮਤਾਂ ਹਮੇਸ਼ਾ ਉਹਨਾਂ ਦੀ ਸਿਆਸਤ ਉਤੇ ਹਾਵੀ ਰਹੀਆਂ ਹਨ। ਉਪਰ ਆਇਆ ਬੰਦ ਨੰ: ੨੩ ਸਿੱਧ ਕਰਦਾ ਹੈ ਕਿ ਦਸਮੇਸ਼ ਸਤਿਗੁਰੂ ਦਾ ਮਿਸ਼ਨ ਮੁਲਕ ਫ਼ਤਹ ਕਰਨਾ ਨਹੀਂ ਸੀ, ਜਿਵੇਂ ਆਮ ਰਾਜੇ ਅਤੇ ਰਜਵਾੜੇ ਕਰਿਆ ਕਰਦੇ ਸਨ। ਆਪ ਦਾ ਮਿਸ਼ਨ ਸੀ ਸਭ ਨੂੰ ਧਰਮੀ ਬਣਾਉਣਾ ਅਤੇ ਧਰਮ ਵਿਚ ਪੱਕੇ ਰਹਿਣ ਲਈ ਪ੍ਰੇਰਨਾ।

ਇਸ ਜਗਤ-ਤਮਾਸ਼ੇ ਦਾ ਨਿਰਾਲਾ ਪੱਖ ਇਹ ਹੈ : ਜੋ ਧਰਮੀ ਧਰਮ ਤੇ ਦ੍ਰਿੜ੍ਹ ਹੋ ਕੇ ਜੀਉਣਾ ਚਾਹੁੰਦਾ ਹੈ, ਉਸਨੂੰ ਅਧਰਮੀ ਸਿਆਸੀ ਜਾਂ ਕੁਟਲ ਨੀਤੀਵਾਨ ਮਨੁਖ ਧਰਮ ਤੋਂ ਡੁਲਾਉਣਾ ਲੋਚਦੇ ਹਨ। ਪਹਾੜੀ ਰਾਜੇ ਧਰਮੀ ਸਤਿਗੁਰਾਂ ਤੋਂ ਡਰਦੇ ਰਹੇ ਕਿ ਕਿਤੇ ਸਾਡੇ ਇਲਾਕੇ ਖੋਹ ਨ ਲਵੇ।

ਧਰਮੀ ਸਤਿਗੁਰੂ 'ਧਰਮ ਚਲਾਵਨ ਸੰਤ ਉਬਾਰਨ' ਅਤੇ 'ਦੁਸ਼ਟ ਸਭਨ ਕਉ ਮੂਲ ਉਪਾਰਨ' ਦਾ ਮਿਸ਼ਨ ਲੈ ਕੇ ਆਏ ਸਨ। ਉਹੀ ਮਿਸ਼ਨ ਉਹ ਖਾਲਸੇ ਨੂੰ ਸੌਂਪ ਗਏ ਹਨ–'ਆਪ ਧਰਮੀ ਬਣਨਾ ਤੇ ਹੋਰਾਂ ਨੂੰ ਧਰਮੀ ਬਣਾਉਣਾ।' ਔਰੰਗਜ਼ੇਬ ਖ਼ਤਮ ਹੋ ਗਿਆ, ਪਹਾੜੀ ਰਾਜੇ ਭੀ ਖ਼ਤਮ ਹੋ ਗਏ। ਧਰਮੀ ਖਾਲਸਾ ਅੱਜ ਭੀ ਕਾਇਮ ਹੈ–ਇਹੋ ਹੀ ਤਾਂ ਜਿੱਤ ਹੈ, ਇਹੋ ਹੀ ਤਾਂ ਜ਼ਫਰਨਾਮੇ ਦਾ ਸੰਦੇਸ਼ ਹੈ–

ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥੧੭੪॥ [ਪੰਨਾ ੧੩੭੩

ਧਰਮੀ ਖਾਲਸਾ, ਧਰਮ ਦੀਆਂ ਕਦਰਾਂ ਕੀਮਤਾਂ ਤੇ ਤਕੜਾ ਹੋ ਕੇ ਪਹਿਰਾ ਦੇਵੇ, ਭਾਵੇਂ ਉਸ ਦਾ ਵਾਹ ਕਿਤਨੇ ਹੀ ਅਧਰਮੀ ਲੋਕਾਂ ਨਾਲ ਕਿਉਂ ਨਾ ਹੋਵੇ।

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

੪) ਸ਼ਹੀਦੀ ਤੇ ਪੀੜਤ ਪਰਵਾਰ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਕਲਗੀਧਰ ਜੀ ਨਾਲ ਪਹਾੜੀ ਹਿੰਦੂ ਰਾਜਿਆਂ ਦੀਆਂ ਲੜਾਈਆਂ (੩)

[ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਡੀ. ਲਿਟ.]

## ਅਨੰਦਪੁਰ ਦੀ ਪੰਜਵੀਂ ਲੜਾਈ

ਸਰਹੰਦ ਦਾ ਨਾਜ਼ਮ ਵਜ਼ੀਰ ਖ਼ਾਂ, ਲਾਹੌਰ ਦਾ ਨਾਜ਼ਮ ਦਿਲਾਵਰ ਖ਼ਾਂ ਅਤੇ ਕਸ਼ਮੀਰ ਦਾ ਨਾਜ਼ਮ ਜ਼ਬਰਦਸਤ ਖ਼ਾਂ—ਇਹ ਸਾਰੇ ਸ਼ਾਹੀ ਹੁਕਮ ਸੁਣ ਕੇ ਆਪੋ ਆਪਣੀ ਫ਼ੌਜ ਲੈ ਕੇ ਅਨੰਦਪੁਰ ਵਲ ਚਲ ਪਏ।

ਪਠਾਣੀ ਇਲਾਕੇ ਵਿਚ ਜਹਾਦ (ਧਰਮ-ਜੁੱਧ) ਦਾ ਨਾਹਰਾ ਭੀ ਲਾਇਆ ਗਿਆ, ਇਸ ਵਾਸਤੇ ਹੋਤੀ ਮਰਦਾਨ ਤਕ ਦੇ ਮੁਸਲਮਾਨ ਕਸ਼ਮੀਰ ਦੀ ਫ਼ੌਜ ਦੇ ਨਾਲ ਸ਼ਾਮਲ ਹੋ ਗਏ।

ਪਹਾੜੀ ਹਿੰਦੂ ਰਾਜਿਆਂ ਦੀ ਚੁੱਕ ਉਤੇ ਹੀ ਇਹ ਸਾਰਾ ਕਟਕ ਚਾੜ੍ਹਿਆ ਗਿਆ ਸੀ, ਕਿਉਂਕਿ ਉਹਨਾਂ ਨੂੰ ਆਪਣੀ ਜਨਤਾ ਦੇ ਜਾਗ ਪੈਣ ਨਾਲੋਂ ਮੁਗ਼ਲ-ਹਕੂਮਤ ਦੀ ਗ਼ੁਲਾਮੀ ਫਿਰ ਭੀ ਲਾਹੇਵੰਦੀ ਸੀ। ਤੇ ਸਿੱਖ-ਤਾਕਤ ਦੇ ਵਧਣ ਨਾਲ ਉਹਨਾਂ ਦੀ ਪਰਜਾ ਵਿਚ ਜਾਗਰਤ ਆਉਣ ਦੀ ਬੜੀ ਸੰਭਾਵਨਾ ਸੀ। ਸੋ ਸਾਰੇ ਪਹਾੜੀ ਰਾਜੇ ਆਪੋ ਆਪਣੀ ਸੈਨਾ ਲੈ ਕੇ ਮੁਗ਼ਲ ਫ਼ੌਜ ਨਾਲ ਆ ਰਲੇ। ਇਹਨਾਂ ਵਿਚੋਂ ਮੁਖੀ ਰਾਜੇ ਇਹ ਸਨ—ਕਹਿਲੂਰ ਦਾ ਅਜਮੇਰ ਚੰਦ, ਕਾਂਗੜੇ ਦਾ ਘਮੰਡ ਚੰਦ, ਅਤੇ ਜਸਵਾਲ ਦਾ ਬੀਰ ਸਿੰਘ। ਨਾਲਾਗੜ੍ਹ, ਕੁੱਲੂ, ਕੈਥਲ, ਮੰਡੀ, ਜੰਮੂ, ਨੂਰਪੁਰ, ਚੰਬਾ, ਗੜ੍ਹਵਾਲ, ਬੁਸ਼ਹਰ, ਬਿਜਰਵਾਲ ਅਤੇ ਡਢਵਾਲ ਆਦਿਕ ਦੇ ਰਾਜੇ ਭੀ ਸ਼ਾਮਲ ਹੋਏ। ਡੁੱਗਰ ਦੇ ਹਜ਼ਾਰਾਂ ਗੁੱਜਰ ਅਤੇ ਰੰਘੜ ਭੀ ਨਾਲ ਰਲ ਪਏ।

ਵੈਰੀ-ਦਲ ਦੀ ਬਾ-ਵਰਦੀ ਫ਼ੌਜ ਦੀ ਗਿਣਤੀ ਦੋ ਲੱਖ ਦੇ ਕਰੀਬ ਅੱਪੜ ਗਈ। ਇਸ ਤੋਂ ਕਈ ਹਿੱਸੇ ਵਧੀਕ ਉਹ ਲੋਕ ਸਨ ਜੋ ਧਰਮ-ਜੁੱਧ ਦੀ ਖ਼ਾਤਰ ਜਾਂ ਅਨੰਦਪੁਰ ਨੂੰ ਲੁੱਟਣ ਦੀ ਖ਼ਾਤਰ ਆਏ ਸਨ। ਇਹ ਗੱਲ ਆਮ ਮਸ਼ਹੂਰ ਕਰ ਦਿਤੀ ਗਈ ਸੀ ਕਿ ਅਨੰਦਪੁਰ ਵਿਚ ਬੇਅੰਤ ਧਨ-ਦੌਲਤ ਹੈ।

**ਸਿੰਘ ਅਨੰਦਪੁਰ ਨੂੰ**—ਜਦੋਂ ਔਰੰਗਜ਼ੇਬ ਦੇ ਹੁਕਮ ਦੀ ਖ਼ਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ, ਤਾਂ ਉਹਨਾਂ ਨੇ ਭੀ ਮਾਝੇ, ਮਾਲਵੇ, ਦੁਆਬੇ ਦੇ ਪਿੰਡਾਂ ਵਿਚ ਸਿੰਘਾਂ ਨੂੰ ਸਨੇਹੇ ਭੇਜ ਦਿਤੇ। ਜਿਨ੍ਹਾਂ ਨੂੰ ਸਦੀਆਂ ਪਿਛੋਂ ਗੁਰੂ ਦੀ ਬਰਕਤ ਨਾਲ ਧੌਣ ਉੱਚੀ ਕਰ ਕੇ ਸੁਤੰਤਰ ਬੰਦਿਆਂ ਵਾਂਗ ਤੁਰਨ ਦਾ ਅਵਸਰ ਮਿਲਿਆ ਸੀ, ਉਹ ਜਾਣਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਕਿਸੇ ਨਾਲ ਕੋਈ ਵੈਰ ਨਹੀਂ। ਰਾਜਿਆਂ ਤੇ ਸੂਬਿਆਂ ਨੂੰ ਕਈ ਵਾਰੀ ਜੰਗਾਂ ਵਿਚ ਭਾਂਜ ਦੇ ਕੇ ਭੀ ਉਹਨਾ ਕਿਸੇ ਦੀ ਇਕ ਚੱਪਾ ਭਰ ਭੁਇ ਭੀ ਨਹੀਂ ਸੀ ਮੱਲੀ। ਧਿੰਙੋ-ਜ਼ੋਰੀ ਅਨੰਦਪੁਰ ਤੇ ਚੜ੍ਹ ਆਏ ਦੋਖੀਆਂ ਦਾ ਉਥੇ ਹੀ ਮੂੰਹ ਭੰਨਿਆ ਸੀ, ਪਰ ਕਦੇ ਵੈਰ ਲੈਣ ਦੀ ਖ਼ਾਤਰ ਉਹਨਾਂ ਦੇ ਰਜਵਾੜਿਆਂ ਉਤੇ ਹਮਲਾ ਨਹੀਂ ਸੀ ਕੀਤਾ। ਫਿਰ ਇਹ ਲੱਖਾਂ ਦੀ ਗਿਣਤੀ ਵਿਚ ਵੈਰੀ-ਦਲ ਕਿਉਂ ਅਨੰਦਪੁਰ ਦਾ ਨਾਮ-ਨਿਸ਼ਾਨ ਮਿਟਾਣ ਲਈ ਆਇਆ? ਸਿਰਫ਼ ਇਸ ਵਾਸਤੇ ਕਿ ਉਹਨਾਂ ਪੈਰਾਂ ਹੇਠ ਲਤਾੜੀਂਦੇ ਸ਼ੂਦਰ ਅਖਵਾਂਦੇ ਗ਼ਰੀਬਾਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਹੋਣਾ ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਾਂ ਨੂੰ ਭਾਉਂਦਾ ਨਹੀਂ ਸੀ। ਸਿਖ-ਜਨਤਾ ਨੇ ਉਸ ਵੇਲੇ ਪੱਕ ਸਮਝਿਆ, ਕਿ ਗੁਰੂ ਦੀ ਸ਼ਖ਼ਸੀ ਹਸਤੀ ਦੇ ਨਾਲ ਹੀ ਉਹਨਾਂ ਦੀ ਹਸਤੀ ਕਾਇਮ ਰਹਿ ਸਕਦੀ ਹੈ। ਜਿਉਂ ਜਿਉਂ ਵੈਰੀਆਂ ਦੇ ਕਟਕ ਦੀ ਖ਼ਬਰ ਖਿੱਲਰਦੀ ਗਈ, ਸਿੰਘ ਪਿੰਡਾਂ ਤੋਂ ਜੱਥੇਬੰਦ ਹੋ ਕੇ ਸ਼ਸਤਰ, ਘੋੜੇ, ਰਸਦਾਂ ਅਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਅਨੰਦਪੁਰ ਨੂੰ ਆਉਣ ਲੱਗ ਪਏ। ਫਿਰ ਭੀ ਮੁਗ਼ਲ-ਹਕੂਮਤ ਹੇਠ ਸਾਰੇ ਹਿੰਦੁਸਤਾਨ ਦੀ ਮਿਲਵੀਂ ਤਾਕਤ ਦੇ ਟਾਕਰੇ ਤੇ ਸਿੱਖ-ਤਾਕਤ ਆਟੇ ਵਿਚ ਲੂਣ ਸਮਾਨ ਭੀ ਨਹੀਂ ਸੀ। ਸਿੱਖ ਇਤਿਹਾਸ ਦੱਸਦਾ ਹੈ ਕਿ ਸਿੰਘ ਜੋਧਿਆਂ ਦੀ ਗਿਣਤੀ ਮਸਾਂ ਦਸ ਹਜ਼ਾਰ ਦੇ ਕਰੀਬ ਸੀ।

ਜਦੋਂ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਵਰਨਾਂ ਦੇ ਬੰਦਿਆਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਵਰਨ-ਵੰਡ ਦੀ ਸਦੀਆਂ ਦੀ ਬਣੀ ਇਮਾਰਤ ਨੂੰ ਡੇਗਣ ਦੇ ਉੱਦਮ ਕੀਤੇ ਅਤੇ ਖ਼ਾਲਸੇ ਦੀ ਜੱਥੇਬੰਦੀ ਨੂੰ ਮਜ਼ਬੂਤ


www.AKJ.Org

ਕਰ ਦਿੱਤਾ, ਤਦੋਂ ਤੋਂ ਹੀ ਪਹਾੜੀ ਰਾਜਿਆਂ ਨੂੰ ਆਪਣਾ ਪਾਲਾ ਪੈ ਗਿਆ'। ਕਈ ਬਹਾਨੇ ਬਣਾ ਕੇ ਉਹ ਅਨੰਦਪੁਰ ਉਤੇ ਆਪ ਹੱਲੇ ਕਰਦੇ ਰਹੇ; ਅਤੇ ਤੁਰਕ-ਦਲ ਨੂੰ ਭੀ ਪ੍ਰੇਰ ਕੇ ਲਿਆਉਂਦੇ ਰਹੇ। ਇਸ ਨਿੱਤ ਦੇ ਖ਼ਤਰੇ ਤੋਂ ਬਚਣ ਲਈ ਕਈ ਨਗਰ-ਨਿਵਾਸੀ ਆਪਣੇ ਬਾਲ ਬੱਚਿਆਂ ਨੂੰ ਲੈ ਕੇ ਸਦਾ ਲਈ ਉਥੋਂ ਚਲੇ ਗਏ। ਹੁਣ ਜਦੋਂ ਔਰੰਗਜ਼ੇਬ ਦੇ ਹੁਕਮ ਨਾਲ ਚਾਰ ਸੂਬਿਆਂ ਦੀ ਫ਼ੌਜ ਆਉਂਦੀ ਸੁਣੀ, ਤਾਂ ਸਤਿਗੁਰੂ ਜੀ ਨੇ ਭਾਰੇ ਖ਼ਤਰੇ ਦੀ ਸੰਭਾਵਨਾ ਜਾਚ ਕੇ ਬਾਕੀ ਟਿਕੇ ਹੋਏ ਪਰਵਾਰ ਭੀ ਅਨੰਦਪੁਰ ਤੋਂ ਤੋਰ ਦਿੱਤੇ। ਹਜ਼ੂਰੀ ਕਵੀਆਂ ਨੂੰ ਭੀ ਹਜ਼ੂਰ ਨੇ ਵਿਦਾ ਕਰ ਦਿੱਤਾ।

**ਵੈਰੀ-ਦਲਾਂ ਦਾ ਮੇਲ**—ਦਿੱਲੀ ਸਰਹੰਦ ਦੀ ਮੁਗ਼ਲ-ਫ਼ੌਜ, ਪਹਾੜੀ ਰਾਜਿਆਂ ਦੀ ਸੈਨਾ, ਅਤੇ ਗੁੱਜਰਾਂ ਰੰਘੜਾਂ ਦਾ ਵਹੀਰ—ਇਹਨਾਂ ਸਭਨਾਂ ਦਾ ਰੋਪੜ ਦੇ ਪਾਸ ਮੇਲ ਹੋਇਆ। ਉਧਰੋਂ ਲਾਹੌਰ ਕਸ਼ਮੀਰ ਦੀ ਮੁਗ਼ਲ ਫ਼ੌਜ, ਅਤੇ ਜਹਾਦ ਦੇ ਆਸ਼ਕ ਤੇ ਲੁਟੇਰਾ-ਦਲ ਸਤਲੁਜ ਦੇ ਉਰਾਰ ਇਕੱਠੇ ਹੋ ਗਏ। ਇਕ ਨੇ ਚੜ੍ਹਦੇ ਵਲੋਂ, ਦੂਜੇ ਨੇ ਲਹਿੰਦੇ ਪਾਸਿਓਂ, ਦੋਹਾਂ ਦਲਾਂ ਨੇ ੨੨ ਜੇਠ ਸੰਮਤ ੧੭੬੧ (ਤਕਰੀਬਨ ੨੦ ਮਈ ਸੰਨ ੧੭੦੪) ਨੂੰ ਅਨੰਦਪੁਰ ਉੱਤੇ ਹਮਲਾ ਕਰ ਦਿੱਤਾ।'

**ਨਗਰ ਦੀ ਤਕੜਾਈ**—ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੰਜ ਸੌ ਸਿੰਘਾਂ ਦੇ ਪੰਜ ਜੱਥੇ ਕੇਸਗੜ੍ਹ, ਅਨੰਦਗੜ੍ਹ, ਹੋਲਗੜ੍ਹ, ਲੋਹਗੜ੍ਹ ਅਤੇ ਅਗੰਮਪੁਰ ਵਿਚ ਟਿਕਾ ਦਿੱਤੇ। ਸਾਰੇ ਖਾਲਸੇ ਨੂੰ ਸਾਵਧਾਨ ਕਰ ਕੇ ਨਗਰ ਦੀ ਰੱਖਿਆ ਆਦਿਕ ਦੀ ਹਰ ਕਿਸਮ ਦੀ ਜ਼ਿੰਮੇਵਾਰੀ ਸਮਝਾ ਦਿੱਤੀਓ ਨੇ।

**ਦਲਾਂ ਦੇ ਮੁਕਾਬਲੇ**—ਵੈਰੀਆਂ ਵਲੋਂ ਅਨੰਦਪੁਰ ਉਤੇ ਹਮਲੇ ਸ਼ੁਰੂ ਹੋਏ। ਸਿੰਘ ਨਗਰ ਤੋਂ ਬਾਹਰ ਨਿਕਲ ਕੇ ਵੈਰੀਆਂ ਦਾ ਟਾਕਰਾ ਕਰਨ ਲੱਗੇ। ਦੋਹਾਂ ਪਾਸਿਆਂ ਤੋਂ ਤੋਪਾਂ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ, ਅਤੇ ਤੀਰ ਮੀਂਹ ਵਾਂਗ ਵਰ੍ਹਦੇ ਰਹੇ। ਅਨੰਦਪੁਰ ਉੱਚੇ ਥਾਂ ਸੀ, ਵੈਰੀਆਂ ਦੇ ਦਲ ਨੀਵੇਂ ਥਾਂ ਤੇ ਸਨ। ਤੀਰ ਬੰਦੂਕਾਂ ਦੀਆਂ ਲੜਾਈਆਂ ਵਿਚ ਵੈਰੀ ਆਮ ਤੌਰ ਤੇ ਬੜਾ ਨੁਕਸਾਨ ਕਰਾ ਲੈਂਦੇ ਸਨ। ਜਦੋਂ ਇਕ ਦੂਜੇ ਦੇ ਨੇੜੇ ਪਹੁੰਚ ਕੇ ਤਲਵਾਰ ਮਿਆਨੋਂ ਕੱਢਣ ਦਾ ਮੌਕਾ ਬਣਦਾ ਸੀ, ਉਸ ਵੇਲੇ ਤਾਂ ਸਿੰਘ ਭੁੱਖੇ ਸ਼ੇਰ ਵਾਂਗ ਵੈਰੀ ਉਤੇ ਜਾ ਪੈਂਦੇ ਸਨ, ਕਿਉਂਕਿ ਸਿੰਘਾਂ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਸੀ। ਉਹ ਕਿਸੇ ਉਤੇ ਵਧੀਕੀ ਭੀ ਨਹੀਂ ਕਰ ਰਹੇ ਸਨ। ਉਹਨਾਂ ਦੀ ਤਲਵਾਰ ਸ੍ਵੈ-ਰੱਖਿਆ ਵਾਸਤੇ ਮਿਆਨੋਂ ਨਿਕਲ ਰਹੀ ਸੀ। ਇਸ ਇਖ਼ਲਾਕੀ ਸੱਚਾਈ ਨੇ ਭੀ ਸਿੰਘਾਂ ਦੇ ਹੌਸਲੇ ਵਧਾਏ ਹੋਏ ਸਨ। ਦੂਜੇ ਪਾਸੇ ਉਹ ਸਨ ਜੋ ਸਿਰਫ਼ ਤਨਖ਼ਾਹ ਦੀ ਖ਼ਾਤਰ ਲੜਨ ਤੇ ਮਜਬੂਰ ਸਨ। ਉਹ ਜਾਣਦੇ ਸਨ ਕਿ ਹਕੂਮਤ ਦੇ ਮਦ ਵਿਚ ਸੂਬੇ ਤੇ ਪਹਾੜੀ ਰਾਜੇ ਫ਼ਕੀਰਾਨਾ ਜ਼ਿੰਦਗੀ ਵਾਲਿਆਂ ਉਤੇ ਵਧੀਕੀ ਕਰ ਰਹੇ ਸਨ। ਸੋ ਤਲਵਾਰ ਦੀ ਲੜਾਈ ਵਿਚ ਜਾਨ ਬਚਾ ਕੇ ਲੜਨ ਵਾਲਿਆਂ ਦਾ ਪੈਰ ਸਦਾ ਪਿਛਾਂਹ ਹੀ ਪੈਂਦਾ ਸੀ।

ਮਹੀਨਾ ਕੁ ਇਸੇ ਤਰ੍ਹਾਂ ਦੀਆਂ ਲੜਾਈਆਂ ਹੁੰਦੀਆਂ ਰਹੀਆਂ। ਸੂਬਿਆਂ ਨੇ ਵੇਖ ਲਿਆ ਕਿ ਰਣ ਵਿਚ ਸਿੰਘਾਂ ਦੇ ਸਾਹਮਣੇ ਉਹਨਾਂ ਦੀ ਫ਼ੌਜ ਦੀ ਕੋਈ ਪੇਸ਼ ਨਹੀਂ ਜਾ ਸਕਦੀ। ਉਤੋਂ ਵਰਖਾ-ਰੁੱਤ ਭੀ ਆ ਗਈ। ਇਹ ਭੀ ਉਹਨਾਂ ਦੇ ਉਲਟ ਹੀ ਜਾਂਦੀ ਸੀ। ਆਖ਼ਰ ਉਹਨਾਂ ਫ਼ੈਸਲਾ ਕੀਤਾ ਕਿ ਤੋਪਾਂ ਦੀ ਮਾਰ ਤੋਂ ਦੂਰ ਰਹਿ ਕੇ ਅਨੰਦਪੁਰ ਨੂੰ ਚੁਫੇਰਿਓਂ ਘੇਰ ਲਿਆ ਜਾਏ, ਜਿਸ ਨਾਲ ਬਾਹਰੋਂ ਕਿਸੇ ਤਰ੍ਹਾਂ ਦੀ ਭੀ ਸਹਾਇਤਾ ਨਗਰ ਵਿਚ ਨਾ ਪਹੁੰਚ ਸਕੇ। ਵੈਰੀ-ਦਲ ਨੇ ਨਗਰ ਨੂੰ ਚਹੁੰਆਂ ਪਾਸਿਆਂ ਤੋਂ ਘੇਰ ਲਿਆ ਅਤੇ ਹਰ ਤਰ੍ਹਾਂ ਦੀ ਨਾਕਾ-ਬੰਦੀ ਕਰ ਲਈ।

ਇਕ ਸਧਾਰਨ ਜਿਹਾ ਨਗਰ ! ਨਗਰ-ਵਾਸੀਆਂ ਤੋਂ ਇਲਾਵਾ ਦਸ ਹਜ਼ਾਰ ਦੇ ਕਰੀਬ ਗੱਭਰੂ ਸਿੰਘ ਬਾਹਰੋਂ ਭੀ ਆ ਗਏ। ਘੋੜੇ ਭੀ ਕਾਫ਼ੀ ਗਿਣਤੀ ਵਿਚ ਸਨ। ਘਰਾਂ ਤੋਂ ਤੁਰਨ ਲੱਗੇ ਸਿੰਘ ਹਰੇਕ ਕਿਸਮ ਦੀ ਲੋੜੀਂਦੀ ਰਸਦ ਤਾਂ ਲੈ ਕੇ ਆਏ ਸਨ, ਪਰ ਇਹ ਕਿਸ ਨੂੰ ਪਤਾ ਸੀ ਕਿ ਕਈ ਮਹੀਨਿਆਂ ਵਾਸਤੇ ਲੋੜ ਪੈ ਜਾਣੀ ਹੈ? ਜਿਉਂ ਜਿਉਂ ਘਾਹ ਅਤੇ ਅੰਨ ਵਿਚ ਕਮੀ ਹੁੰਦੀ ਗਈ, ਸਭ ਦੀ ਰੋਜ਼ਾਨਾ ਰਸਦ ਘਟਾਣੀ ਸ਼ੁਰੂ ਕਰ ਦਿੱਤੀ ਗਈ।



www.AKJ.Org

**ਛਾਪੇ-ਮਾਰੇ ਜੱਥੇ**–ਵੈਰੀ ਦੀ ਚਾਲ ਇਹ ਸੀ ਕਿ ਜਦੋਂ ਸਿੰਘਾਂ ਪਾਸੋਂ ਰਸਦ ਮੁੱਕ ਜਾਏਗੀ, ਭੁੱਖ ਨਾਲ ਆਤੁਰ ਹੋ ਕੇ ਆਪੇ ਹਥਿਆਰ ਸੁੱਟ ਦੇਣਗੇ। ਦੁਸ਼ਮਨ ਦੇ ਇਸ ਹਥਿਆਰ ਨੂੰ ਖੁੰਢਾ ਕਰਨ ਲਈ ਸਿੰਘਾਂ ਨੇ ਛਾਪੇ-ਮਾਰ ਜੱਥੇ ਤਿਆਰ ਕਰ ਲਏ। ਅਵੇਸਲੀ ਪਈ ਮੁਗ਼ਲ-ਫ਼ੌਜ ਉਤੇ ਸਿੰਘ ਅਚਨਚੇਤ ਹੱਲਾ ਜਾ ਬੋਲਦੇ, ਕਈਆਂ ਦੀ ਕੱਟਾ-ਵੱਢ ਕਰ ਕੇ ਰਸਦ ਅਤੇ ਜੰਗੀ ਸਮਾਨ ਜੋ ਹਥ ਚੜ੍ਹਦਾ, ਲੈ ਆਉਂਦੇ। ਇਹ ਛਾਪੇ ਆਮ ਤੌਰ ਤੇ ਕਿਸੇ ਕਿਸੇ ਰਾਤ ਨੂੰ ਮਾਰੇ ਜਾਂਦੇ ਸਨ। ਕਈ ਵਾਰੀ ਸਿੰਘ ਰਾਤ ਦੇ ਪਿਛਲੇ ਪਹਿਰ ਭੀ ਜਾ ਪੈਂਦੇ ਸਨ, ਜਿਸ ਵੇਲੇ ਕਿ ਵੈਰੀ-ਦਲ ਆਰਾਮ ਨਾਲ ਸੁੱਤਾ ਪਿਆ ਹੁੰਦਾ ਸੀ।

ਪਹਿਲਾਂ ਪਹਿਲਾਂ ਤਾਂ ਇਹਨਾਂ ਛਾਪਿਆਂ ਵਿਚ ਸਿੰਘਾਂ ਨੂੰ ਬੜੀ ਸਫਲਤਾ ਹੁੰਦੀ ਰਹੀ, ਬਹੁਤ ਸਾਰਾ ਸਮਾਨ ਹੱਥ ਆਉਂਦਾ ਰਿਹਾ। ਪਰ ਆਖ਼ਰ ਵੈਰੀ-ਦਲ ਵਧੀਕ ਤਕੜਾਈ ਰੱਖਣ ਲੱਗ ਪਿਆ, ਰਸਦ ਤੇ ਜੰਗੀ ਸ਼ਮਾਨ ਪਿਛਾਂਹ ਹਟਵੇਂ ਸੁਰੱਖਿਆ ਥਾਂ ਤੇ ਰੱਖਿਆ ਜਾਣ ਲੱਗ ਪਿਆ। ਨਗਰ ਦੀ ਰਸਦ ਵਿਚ ਖ਼ਤਰਨਾਕ ਘਾਟ ਪੈਣੀ ਸ਼ੁਰੂ ਹੋ ਗਈ।

**ਵੈਰੀ ਦੀ ਨਵੀਂ ਚਾਲ**–ਮੁਗ਼ਲ ਜਰਨੈਲਾਂ ਨੇ ਤੇ ਪਹਾੜੀ ਰਾਜਿਆਂ ਨੇ ਵੇਖ ਲਿਆ ਕਿ ਇਤਨੀ ਫ਼ੌਜ ਅਤੇ ਮੁਲਖਈਏ ਦੀ ਮਿਲਵੀਂ ਤਾਕਤ ਥੋੜੀ ਜਿਹੀ ਗਿਣਤੀ ਵਾਲੇ ਸਿੰਘਾਂ ਉਤੇ ਭੀ ਕੋਈ ਦਬਾਉ ਨਹੀਂ ਪਾ ਸਕੀ। ਉਹਨਾਂ ਦੀ ਤਲਵਾਰ ਸਿੰਘਾਂ ਦੀ ਢਾਲ ਉਤੇ ਖੁੰਢੀ ਹੋ ਗਈ। ਪਰ ਉਹਨਾਂ ਦੀ ਆਪਣੀ ਹਾਲਤ ਪਤਲੀ ਪੈ ਰਹੀ ਸੀ, ਜਨਤਾ ਵਿਚ ਉਹਨਾਂ ਦੇ ਵਿਰੁੱਧ ਗੁੱਸਾ ਵੱਧ ਰਿਹਾ ਸੀ। ਔਰੰਗਜ਼ੇਬ ਵਲੋਂ ਭੀ ਝਾੜਾਂ ਤੇ ਝਾੜਾਂ ਪੈ ਰਹੀਆਂ ਸਨ। ਉਹਨਾਂ ਦੀਆਂ ਆਪਣੀਆਂ ਗੱਦੀਆਂ ਹਿੱਲ ਜਾਣ ਦਾ ਖ਼ਤਰਾ ਪੈਦਾ ਹੋ ਰਿਹਾ ਸੀ। ਨਾਜ਼ਮਾਂ ਨੇ ਰਾਜਿਆਂ ਦੀ ਸਲਾਹ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧੋਖੇ ਵਿਚ ਫਸਾਣ ਦੀ ਵਿਉਂਤ ਸੋਚੀ। ਉਹਨਾਂ ਦਾ ਖ਼ਿਆਲ ਸੀ ਕਿ ਜੇ ਸਿੰਘ ਨਗਰ ਦੀ ਓਟ ਵਿਚੋਂ ਬਾਹਰ ਨਿਕਲ ਆਉਣ, ਤਾਂ ਸਹਿਜੇ ਹੀ ਮਾਰੇ ਜਾਂ ਫੜੇ ਜਾ ਸਕਣਗੇ। ਸਤਿਗੁਰੂ ਜੀ ਪਾਸ ਇਕ ਚਿੱਠੀ ਭੇਜੀਓ ਨੇ, ਜਿਸ ਵਿਚ ਰਾਜਿਆਂ ਨੇ ਗਊ ਦੀ ਸਹੁੰ ਅਤੇ ਨਾਜ਼ਮਾਂ ਨੇ ਕੁਰਾਨ ਦੀ ਕਸਮ ਖਾਧੀ। ਲਿਖਿਓ ਨੇ ਕਿ ਤੁਹਾਡੇ ਪਾਸ ਕੋਈ ਜਾਗੀਰ ਮਿਲਖ ਜ਼ਮੀਨ ਤਾਂ ਹੈ ਹੀ ਨਹੀਂ, ਜੋ ਅਸਾਂ ਖੋਹਣੀ ਹੈ। ਦੋਹੀਂ ਧਿਰੀਂ ਵਿਅਰਥ ਹੀ ਖ਼ਲਕਤ ਦਾ ਖ਼ੂਨ ਹੋ ਰਿਹਾ ਹੈ, ਜੋ ਤੁਹਾਨੂੰ ਕਦੇ ਭੀ ਪਸੰਦ ਨਹੀਂ ਹੋ ਸਕਦਾ। ਤੁਸੀ ਅਨੰਦਪੁਰ ਛੱਡ ਕੇ ਕਿਤੇ ਹੋਰਥੇ ਚਲੇ ਜਾਓ, ਆਪਣਾ ਮਾਲ ਅਸਬਾਬ ਭੀ ਲੈ ਜਾਓ। ਇਸ ਤਰ੍ਹਾਂ ਅਸੀ ਔਰੰਗਜ਼ੇਬ ਨੂੰ ਮੂੰਹ ਦੇਣ ਜੋਗੇ ਹੋ ਜਾਵਾਂਗੇ।

ਵੈਰੀ ਦੇ ਟਾਕਰੇ ਤੇ ਕਾਮਯਾਬ ਹੋਣ ਲਈ ਨਿਰਾ ਤਲਵਾਰ ਦਾ ਧਨੀ ਹੋਣਾ ਹੀ ਕਾਫ਼ੀ ਨਹੀਂ ਹੈ। ਜੁੱਧ ਦੀ ਨੀਤੀ ਤੋਂ ਵਾਕਫ਼ ਹੋਣਾ ਭੀ ਬਹੁਤ ਜ਼ਰੂਰੀ ਹੁੰਦਾ ਹੈ। ਰਸਦ ਦੀ ਹਾਲਤ ਪਤਲੀ ਪੈ ਜਾਣ ਕਰਕੇ, ਅਤੇ ਇਤਨੇ ਲੰਮੇ ਜੰਗ ਦੇ ਕਾਰਨ ਸਿੰਘ ਜੋਧਿਆਂ ਦੀ ਗਿਣਤੀ ਬਹੁਤ ਘੱਟ ਜਾਣ ਕਰਕੇ, ਕਈ ਨਗਰ-ਵਾਸੀ ਕਮਜ਼ੋਰ-ਦਿਲ ਹੋ ਗਏ। ਵੈਰੀਆਂ ਵਲੋਂ ਸੁਲਹ ਦਾ ਦਰਵਾਜ਼ਾ ਖੁਲ੍ਹਦਾ ਸਮਝ ਕੇ ਉਹਨਾਂ ਪ੍ਰੇਰਨਾ ਸ਼ੁਰੂ ਕਰ ਦਿੱਤੀ ਕਿ ਇਹ ਗੱਲ ਮੰਨ ਲੈਣ ਵਿਚ ਕੋਈ ਹਰਜ ਨਹੀਂ ਹੈ। ਵੈਰੀ ਦੀ ਆਪਣੀ ਪਤਲੀ ਹਾਲਤ ਦਾ ਉਹਨਾਂ ਨੂੰ ਪਤਾ ਨਹੀਂ ਸੀ, ਉਹ ਸਮਝਦੇ ਸਨ ਕਿ ਵੈਰੀ ਦੀ ਇਹ ਖੁਲ੍ਹ-ਦਿਲੀ ਹੈ, ਇਸ ਤੋਂ ਫ਼ਾਇਦਾ ਉਠਾ ਲੈਣਾ ਚਾਹੀਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਗਰ-ਵਾਸੀਆਂ ਨੂੰ ਚੇਤਾ ਕਰਾਇਆ ਕਿ ਅੱਗੇ ਇਕ ਵਾਰੀ ਇਹਨਾਂ ਹੀ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ, ਉਸ ਦੀ ਸਹੁੰ ਚੁੱਕ ਕੇ ਇਸੇ ਤਰ੍ਹਾਂ ਦਾ ਹੀ ਇਕਰਾਰ ਕੀਤਾ ਸੀ; ਪਰ ਜਦੋਂ ਸਿੰਘ ਅਨੰਦਪੁਰ ਛੱਡ ਕੇ ਅਜੇ ਨਾਲ ਦੇ ਪਿੰਡ ਨਿਰਮੋਹ ਪਾਸ ਪਹੁੰਚੇ ਸਨ, ਤਾਂ ਰਾਜਿਆਂ ਨੇ ਸਭ ਸਹੁੰਆਂ ਛਿੱਕੇ ਤੇ ਟੰਗ ਕੇ ਹਮਲਾ ਕਰ ਦਿੱਤਾ ਸੀ। ਪਰ ਕਮਜ਼ੋਰ ਮਨਾਂ ਨੂੰ ਅਨੰਦਪੁਰ ਛੱਡ ਜਾਣ ਵਿਚ ਜ਼ਿੰਦਗੀ ਦੀ ਆਸ ਬਣ ਰਹੀ ਸੀ, ਅਤੇ ਅੰਦਰ ਘਿਰੇ ਰਹਿਣ ਵਿਚ ਮੌਤ ਦਿੱਸ ਰਹੀ ਸੀ।

**ਠੱਗੀ ਦੀ ਪਰਖ**–ਆਖ਼ਰ ਵੈਰੀ ਦਾ ਪਾਜ ਖੋਲ੍ਹ ਕੇ ਡਿੱਗਦੇ ਮਨਾਂ ਨੂੰ ਢਾਰਸ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਉੱਤਰ ਭੇਜਿਆ ਕਿ ਮਾਲ-ਅਸਬਾਬ ਲੱਦਣ ਵਾਸਤੇ ਕੁਝ ਖੱਚਰਾਂ ਆਦਿ ਦਾ



www.AKJ.Org

ਪਰਬੰਧ ਕਰ ਦਿੱਤਾ ਜਾਏ। ਵੈਰੀ ਦੇ ਮਨ ਦੀ ਆਸ ਪੂਰੀ ਹੋਣ ਲੱਗੀ, ਖੱਚਰਾਂ ਤੁਰਤ ਭੇਜ ਦਿੱਤੀਆਂ ਗਈਆਂ। ਸਤਿਗੁਰੂ ਜੀ ਨੇ ਛੱਟਾਂ ਵਿਚ ਟੁੱਟੇ ਛਿੱਤਰ, ਕੂੜਾ ਆਦਿਕ ਭਰ ਕੇ ਖੱਚਰਾਂ ਲੱਦਾ ਦਿੱਤੀਆਂ, ਅੱਧੀ ਰਾਤ ਵੇਲੇ ਉਹਨਾਂ ਦੇ ਸਿਰਾਂ ਨਾਲ ਬਲਦੀਆਂ ਮਸਾਲਾਂ ਬੰਨ੍ਹ ਕੇ ਅਨੰਦਪੁਰ ਤੋਂ ਬਾਹਰ ਤੋਰ ਦਿੱਤੀਆਂ। ਸਹੁੰ ਵਾਲੀ ਤਾਂ ਠੱਗੀ ਹੀ ਸੀ। ਵੈਰੀ-ਦਲ ਨੇ ਵੇਖਿਆ ਕਿ ਕੀਮਤੀ ਮਾਲ ਲੱਦਿਆ ਜਾ ਰਿਹਾ ਹੈ। ਟੁੱਟ ਕੇ ਆ ਪਏ। ਖੱਚਰਾਂ ਲੈ ਜਾਣ ਵਾਲੇ ਸਿੰਘ ਅਡੋਲ ਹੀ ਪਿਛਲੀ ਪੈਰੀਂ ਮੁੜ ਆਏ। ਇਸ ਤਰ੍ਹਾਂ ਅਨੰਦਪੁਰ-ਵਾਸੀਆਂ ਨੂੰ ਵੈਰੀ ਦੀ ਕਸਮ ਦੀ ਸਮਝ ਪਈ। ਉਹ ਫਿਰ ਧੀਰਜ ਧਰ ਕੇ ਟਿੱਕ ਗਏ।

**ਰਸਦ ਪਾਣੀ ਦੀ ਤੰਗੀ**–ਘਿਰੇ ਹੋਏ ਸਿੰਘਾਂ ਨੂੰ ਮਾਰ ਮੁਕਾਣ ਲਈ ਵੈਰੀ ਨੇ ਪੂਰੀ ਤਕੜਾਈ ਰੱਖੀ ਹੋਈ ਸੀ ਕਿ ਬਾਹਰੋਂ ਕਿਸੇ ਤਰ੍ਹਾਂ ਦੀ ਭੀ ਸਹਾਇਤਾ ਨਗਰ ਵਿਚ ਨਾ ਜਾ ਸਕੇ। ਛੋਟੇ ਜਿਹੇ ਨਗਰ ਵਿਚ ਹਜ਼ਾਰਾਂ ਮਨੁੱਖਾਂ ਅਤੇ ਘੋੜਿਆਂ ਲਈ ਅੰਨ ਅਤੇ ਘਾਹ ਦਾ ਲੰਮੇ ਸਮੇ ਲਈ ਪਰਬੰਧ ਹੋ ਸਕਣਾ ਤਾਂ ਕਿਤੇ ਰਿਹਾ, ਪਾਣੀ ਦਾ ਪਰਬੰਧ ਭੀ ਨਹੀਂ ਹੋ ਸਕਦਾ ਸੀ। ਅਨੰਦਪੁਰ ਤੋਂ ਮੀਲ ਕੁ ਦੀ ਵਿੱਥ ਤੇ ਇਕ ਪਹਾੜੀ ਨਦੀ ਵੱਗਦੀ ਹੈ। ਪਾਣੀ ਉਥੋਂ ਲੈਣਾ ਪੈਂਦਾ ਸੀ। ਵੈਰੀ ਨੂੰ ਹੁਣ ਨਵੀਂ ਚਾਲ ਸੁੱਝੀ। ਉਪਰ ਵਾਰੋਂ ਨਦੀ ਦਾ ਰੁਖ਼ ਬਦਲਾ ਦਿੱਤੋ ਨੇ। ਨਗਰ ਵਿਚ ਘਿਰੇ ਹੋਏ ਬੰਦਿਆਂ ਦਾ ਖ਼ੁਰਾਕ ਵਲੋਂ ਇਹ ਹਾਲ ਹੋ ਚੁਕਾ ਸੀ ਕਿ ਰੁੱਖਾਂ ਦੀਆਂ ਛਿੱਲੜਾਂ ਭੀ ਪੀਹ ਕੇ ਮੁਕਾ ਲਈਆਂ ਸਨ। ਪਾਣੀ ਦੀ ਭੀ ਬੜੀ ਭਾਰੀ ਤੋਟ ਆ ਗਈ।

**ਸਿੰਘਾਂ ਦੇ ਵਲਵਲੇ**–ਭੁੱਖ ਦਾ ਦੁੱਖ ਬੁਰਾ। ਛੇ ਸੱਤ ਮਹੀਨਿਆਂ ਤੋਂ ਸਿੰਘ ਸਿਰ ਧੜ ਦੀ ਬਾਜ਼ੀ ਲਾ ਕੇ ਵੈਰੀ-ਦਲ ਦਾ ਟਾਕਰਾ ਕਰ ਰਹੇ ਸਨ। ਵੈਰੀ ਪਾਸ ਫ਼ੌਜ ਸਿੰਘਾਂ ਨਾਲੋਂ ਸੈ ਕੜੇ ਗੁਣਾ ਵਧੀਕ, ਵੈਰੀ ਬਾਹਰੋਂ ਹਰ ਪਾਸੇ ਵਲੋਂ ਰਸਦ ਤੇ ਜੰਗੀ ਸਮਾਨ ਮੰਗਾ ਸਕਦਾ ਸੀ ਤੇ ਮੰਗਾਂਦਾ ਸੀ ਪਰ ਸਿੰਘਾਂ ਦਾ ਇਹ ਸਮਾਨ ਦਿਨੋ ਦਿਨ ਮੁੱਕਦਾ ਜਾ ਰਿਹਾ ਸੀ। ਵੈਰੀ ਦੀ ਫ਼ੌਜ ਲੱਖਾਂ ਦੀ ਗਿਣਤੀ ਵਿਚ ਹੋਣ ਕਰਕੇ ਫ਼ੌਜੀ ਜਥੇ ਵਟਾ ਵਟਾ ਕੇ ਲੜਨ ਲਈ ਭੇਜੇ ਜਾਂਦੇ ਸਨ, ਪਰ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਹੋਣ ਦੇ ਕਾਰਨ ਇਹਨਾਂ ਨੂੰ ਨਾ ਦਿਨੇ ਆਰਾਮ ਨਾ ਰਾਤ ਨੂੰ। ਇਹ ਔਕੜਾਂ ਹੁੰਦਿਆਂ ਭੀ ਸਿੰਘ ਛੇ ਸੱਤ ਮਹੀਨੇ ਸ਼ੇਰਾਂ ਵਾਂਗ ਜੂਝਦੇ ਰਹੇ। ਪਰ ਹੁਣ ਖ਼ੁਰਾਕ ਦੀ ਘਾਟ ਨੇ ਸਰੀਰ ਲਿੱਸੇ ਕਰ ਦਿੱਤੇ। ਭੁੱਖ ਤੇ ਰੋਗਾਂ ਦਾ ਆਪੋ ਵਿਚ ਮੇਲ ਹੋਇਆ। ਕਈ ਸਿੰਘ ਬੀਮਾਰ ਪੈ ਗਏ। ਕਈਆਂ ਨੂੰ ਇਉਂ ਦਿੱਸ ਰਿਹਾ ਸੀ ਕਿ ਤਲਵਾਰ ਦੇ ਹੱਥ ਵਿਖਾਣ ਤੋਂ ਬਿਨਾ ਹੀ ਭੁੱਖ ਦੇ ਦੁੱਖੋਂ ਹੀ ਮੌਤ ਦੇ ਮੂੰਹ ਚਲੇ ਜਾਵਾਂਗੇ। ਇਸ ਤਰ੍ਹਾਂ ਮਰਨ ਨਾਲੋਂ ਉਹ ਇਹ ਚਾਹੁੰਦੇ ਸਨ ਕਿ ਬਾਹਰ ਨਿਕਲ ਕੇ ਵੈਰੀਆਂ ਨੂੰ ਮਾਰ ਕੇ ਮਰੀਏ। ਪਰ ਦੂਰ-ਦਰਸ਼ੀ ਗੁਰੂ ਗੋਬਿੰਦ ਸਿੰਘ ਜੀ ਅਜੇ ਇਹ ਆਗਿਆ ਨਹੀਂ ਸਨ ਦੇਂਦੇ।

**ਵੈਰੀ ਦੀ ਨਵੀਂ ਜੁੱਧ-ਨੀਤੀ**–ਜੁੱਧ ਦੇ ਹੱਥ-ਕੰਡੇ ਔਰੰਗਜ਼ੇਬ ਦੇ ਖੱਬੇ ਹੱਥ ਦੇ ਕਰਤਬ ਸਨ। ਜਦੋਂ ਉਸ ਨੇ ਅਨੰਦਪੁਰ ਦਾ ਘੇਰਾ ਮਹੀਨਿਆਂ-ਬੱਧੀ ਲਮਕਦਾ ਵੇਖਿਆ, ਤਾਂ ਉਸ ਨੇ ਇਕ ਚਿੱਠੀ ਸਤਿਗੁਰੂ ਜੀ ਵਲ ਲਿਖੀ। ਉਸ ਵਿਚ ਉਸ ਨੇ ਕਈ ਦਮ-ਦਿਲਾਸੇ ਦਿਤੇ, ਤੇ ਆਖ਼ਰ ਆਖਿਓਸੁ ਕਿ ਤੁਸੀ ਮੇਰੇ ਪਾਸ ਦਖਣ ਵਿਚ ਚਲੇ ਆਉ, ਤੁਹਾਡੀ ਵਾ ਵਲ ਭੀ ਕੋਈ ਤੱਕ ਨਹੀਂ ਸਕੇਗਾ। ਸ਼ਾਹੀ ਵਕਾਰ ਕਾਇਮ ਰੱਖਣ ਲਈ ਸਾਡੇ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀ ਅਨੰਦਪੁਰ ਖ਼ਾਲੀ ਕਰ ਦਿਉ। ਹਿੰਦੂ ਰਾਜਿਆਂ ਨੇ ਭੀ ਗਊ ਦੀ ਸਹੁੰ ਚੁੱਕ ਕੇ ਇਹੀ ਭਰੋਸਾ ਦਿਵਾਇਆ।

**ਅੰਤਮ ਫ਼ੈਸਲਾ**–ਔਰੰਗਜ਼ੇਬ ਦੇ ਰਾਜਸੀ ਖੋਟ ਗੁਰੂ ਗੋਬਿੰਦ ਸਿੰਘ ਜੀ ਤੋਂ ਲੁਕੇ ਹੋਏ ਨਹੀਂ ਸਨ। ਪਹਾੜੀ ਰਾਜਿਆਂ ਨੂੰ ਭੀ ਉਹ ਚੰਗੀ ਤਰ੍ਹਾਂ ਜਾਣਦੇ ਸਨ। ਪਰ ਅਨੰਦਪੁਰ ਦੀ ਅੰਦਰਲੀ ਹਾਲਤ ਬਹੁਤ ਪਤਲੀ ਪੈ ਚੁਕੀ ਸੀ। ਮੁਖੀ ਸਿੰਘਾਂ ਨਾਲ ਮਿਲ ਵਿਚਾਰ ਕੇ ਇਹ ਫ਼ੈਸਲਾ ਕੀਤਾ ਗਿਆ ਕਿ ਵੈਰੀ ਨੂੰ ਦੋ ਹੱਥ ਵਿਖਾ ਕੇ ਹੀ ਜੂਝਣ ਦਾ ਵੇਲਾ ਆ ਪਹੁੰਚਿਆ ਹੈ।

ਨਗਰ-ਵਾਸੀ ਲੋਕਾਂ ਦੀਆਂ ਇਸਤ੍ਰੀਆਂ ਤੇ ਬੱਚੇ ਤਾਂ ਤੁਰਕਾਂ ਦਾ ਹਮਲਾ ਹੋਣ ਤੋਂ ਪਹਿਲਾਂ ਹੀ ਬਾਹਰ ਭੇਜੇ ਜਾ ਚੁਕੇ ਸਨ। ਜਿਨ੍ਹਾਂ ਨੂੰ ਹੌਲ ਸੀ, ਉਹ ਮਨੁੱਖ ਭੀ ਪਹਿਲਾਂ ਹੀ ਚਲੇ ਗਏ ਸਨ। ਪਰ ਸਤਿਗੁਰੂ ਜੀ ਦਾ ਆਪਣਾ ਸਾਰਾ ਪਰਵਾਰ ਅਨੰਦਪੁਰ ਵਿਚ ਹੀ ਸੀ। ਦੂਰ-ਦਰਸ਼ੀ ਗੁਰੂ ਗੋਬਿੰਦ ਸਿੰਘ ਜੀ ਨੇ ਵੈਰੀ



www.AKJ.Org

ਦੀ ਹਰ ਤਰ੍ਹਾਂ ਦੀ ਠੱਗੀ ਦੀ ਸੰਭਾਵਨਾ ਸਾਹਮਣੇ ਰੱਖ ਕੇ ਛੋਟੇ ਬੱਚਿਆਂ, ਮਹੱਲ ਤੇ ਮਾਤਾ ਜੀ ਦੀ ਸਪੁਰਦ-ਦਾਰੀ ਕਰ ਦਿੱਤੀ, ਤਾਕਿ ਹਰੇਕ ਸਿੰਘ ਆਪੋ ਆਪਣੀ ਜ਼ਿਮੇਵਾਰੀ ਉਤੇ ਸੁਚੇਤ ਰਹੇ। ਸਤਿਗੁਰੂ ਜੀ ਨੇ ਗੁਰਦੁਆ-ਰਿਆਂ ਦੀ ਸੇਵਾ ਵਾਸਤੇ ਉਦਾਸੀ ਸਿੱਖ ਭਾਈ ਗੁਰਬਖਸ਼ ਨੂੰ ਉਥੇ ਟਿਕੇ ਰਹਿਣ ਦੀ ਆਗਿਆ ਕੀਤੀ।

**ਅਮਨ ਦਾ ਐਲਾਨ**–ਜਦੋਂ ਗੁਰ ਗੋਬਿੰਦ ਸਿੰਘ ਜੀ ਵਲੋਂ ਮੁਗਲ ਜਰਨੈਲਾਂ ਨੂੰ ਇਹ ਖ਼ਬਰ ਪਹੁੰਚ ਗਈ ਕਿ ਔਰੰਗਜ਼ੇਬ, ਨਾਜ਼ਮਾਂ ਅਤੇ ਪਹਾੜੀ ਰਾਜਿਆਂ ਦੇ ਕੀਤੇ ਬਚਨਾਂ ਉਤੇ ਇਤਬਾਰ ਕਰ ਕੇ, ਉਹ ਅਨੰਦਪੁਰ ਖ਼ਾਲੀ ਕਰ ਕੇ ਕਿਸੇ ਹੋਰ ਥਾਂ ਚਲੇ ਜਾਣ ਨੂੰ ਤਿਆਰ ਹਨ, ਤਾਂ ਇਹ ਐਲਾਨ ਕੀਤਾ ਗਿਆ ਕਿ ਹੁਣ ਜੰਗ ਦੀ ਹਾਲਤ ਬੰਦ ਹੋ ਗਈ ਹੈ, ਅਨੰਦਪੁਰ ਤੋਂ ਬਾਹਰ ਜਾਣ ਵਾਲਿਆਂ ਉਤੇ ਕੋਈ ਵਾਰ ਨਹੀਂ ਕੀਤਾ ਜਾਇਗਾ। ਸਤਿਗੁਰੂ ਜੀ ਅਤੇ ਉਹਨਾਂ ਦੇ ਸਾਰੇ ਸਾਥੀਆਂ ਵਾਸਤੇ ਕੀਰਤਪੁਰ ਵਾਲੇ ਪਾਸਿਓਂ ਨਾਕਾ-ਬੰਦੀ ਹਟਾ ਦਿੱਤੀ ਗਈ।

**ਆਖ਼ਰੀ ਕੂਚ**–੬ ਅਤੇ ੭ ਪੋਹ ਦੀ ਵਿਚਕਾਰਲੀ ਰਾਤ ਸੀ। ਈਸਵੀ ਸੰਨ ਦੇ ਹਿਸਾਬ ਦਸੰਬਰ ਦਾ ਪਹਿਲਾ ਹਫ਼ਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੇ ਸਾਥ-ਸਮੇਤ ਰਾਤ ਦੇ ਪਿਛਲੇ ਪਹਿਰ ਅਨੰਦਪੁਰ ਨੂੰ ਸਦਾ ਲਈ ਛੱਡ ਕੇ ਕੀਰਤਪੁਰ ਵਲ ਚੱਲ ਪਏ। ਪੂਰੇ ਛੇ ਮਹੀਨੇ ਵੈਰੀਆਂ ਨੇ ਅਨੰਦਪੁਰ ਦੀ ਮੁਕੰਮਲ ਨਾਕਾ-ਬੰਦੀ ਕੀਤੀ ਰੱਖੀ ਸੀ। ਇਤਨਾ ਸਮਾ ਬਾਹਰਲੀ ਦੁਨੀਆ ਨਾਲੋਂ ਇਹ ਨਗਰ ਬਿਲਕੁਲ ਕੱਟਿਆ ਜਾ ਚੁਕਿਆ ਸੀ।

ਸੰਮਤ ੧੭੬੧ ਦੇ ਛੇ ਤੇ ਸੱਤ ਪੋਹ ਦੀ ਵਿਚਕਾਰਲੀ ਰਾਤ ਧਰਤੀ ਦੇ ਬੰਦਿਆਂ ਵਾਸਤੇ ਰਹਿੰਦੀ ਦੁਨੀਆਂ ਤੱਕ ਇਕ ਚਾਨਣ-ਮੁਨਾਰਾ ਰਹੇਗੀ। ਸੂਰਮੇ ਗੁਰੂ ਨੇ ਇਕ ਬੇ-ਮਿਸਾਲ ਮਿਸਾਲ ਕਾਇਮ ਕਰ ਦਿੱਤੀ। ਚੁਫੇਰੇ ਦਸ ਲਖ ਦੇ ਕਰੀਬ ਵੈਰੀ-ਦਲ ਠਾਠਾਂ ਮਾਰ ਰਿਹਾ ਹੈ। ਉਹਨਾਂ ਦੇ ਵਿਚੋਂ ਦੀ ਸਿਰਫ਼ ਡੇਢ ਹਜ਼ਾਰ ਸਿੰਘ ਜਾਨਾਂ ਤਲੀ ਉਤੇ ਰੱਖ ਕੇ ਲੰਘ ਰਹੇ ਹਨ। ਨਾਮ-ਮਾਤਰ ਕਿਲ੍ਹੇ ਦੀਆਂ ਕੰਧਾਂ ਦਾ ਓਟ-ਆਸਰਾ ਭੀ ਮੁੱਕ ਚੁੱਕਾ ਹੈ। ਪਰ ਕੈਸੀ ਨਿੱਡਰ ਸ਼ਖਸੀਅਤ ਹੈ। ਹਥਿਆਰ ਸੁੱਟਣ ਦਾ ਨਾਮ ਤੱਕ ਨਹੀਂ ਲੈਂਦੇ। ਫਿਰ, ਇਹ ਸਾਰੇ ਗੱਭਰੂ ਹੀ ਨਹੀਂ ਹਨ। ਇਹਨਾਂ ਵਿਚ ਇਹਨਾਂ ਦੇ ਦਿਲ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਜਿਗਰ ਦੇ ਟੁਕੜੇ ਭੀ ਹਨ। ਗੁਰੂ ਪਾਤਿਸਾਹ ਦੀ ਜਵਾਨ ਜੀਵਨ-ਸਾਥਣ ਭੀ ਹੈ, ਇਸ ਦੀ ਉਮਰ ਅਜੇ ਮਸਾਂ ੩੬ ਸਾਲਾਂ ਦੀ ਹੈ। ਮਾਤਾ ਸਾਹਿਬ ਕੌਰ ਦੀ ਉਮਰ ਤਾਂ ਇਸ ਤੋਂ ਭੀ ਘੱਟ ਸੀ। ਵੈਰੀ ਦੇ ਅੱਤਿਆਚਾਰਾਂ ਤੋਂ ਡਰਦੇ ਛੋਟੇ ਬੱਚਿਆਂ ਅਤੇ ਜਵਾਨ ਜੀਵਨ-ਸਾਥਣ ਨੂੰ ਆਪਣੀ ਹੱਥੀਂ ਮੁਕਾ ਭੀ ਨਹੀਂ ਆਉਂਦੇ। ਸ਼ੇਰ-ਮਰਦ ਸਤਿਗੁਰੂ ਅਤੇ ਉਸ ਦੇ ਚਰਨਾਂ ਤੋਂ ਵਿਕੇ ਹੋਏ ਸਿੰਘਾਂ ਨੂੰ ਆਪਣੇ ਸਿਰਜਨਹਾਰ ਉਤੇ, ਆਪਣੇ ਬਾਹੂ-ਬਲ ਉਤੇ ਪੂਰਾ ਭਰੋਸਾ ਹੈ।

ਕੀ ਦੁਨੀਆ ਕੁਰਬਾਨੀ ਅਤੇ ਬਹਾਦਰੀ ਦੀ ਕੋਈ ਹੋਰ ਐਸੀ ਮਿਸਾਲ ਪੇਸ਼ ਕਰ ਸਕਦੀ ਹੈ ?

**ਵੈਰੀ ਦਾ ਦਗ਼ਾ**–ਸਿੰਘ ਅਜੇ ਕੀਰਤਪੁਰ ਹੀ ਲੰਘੇ ਸਨ, ਇਤਨੇ ਨੂੰ ਦਿਨ ਭੀ ਚੜ੍ਹ ਆਇਆ ਸੀ, ਕਿ ਵੈਰੀ ਦਲ ਦਾ ਖੋਟ ਉੱਘੜ ਪਿਆ। ਕਹਿਲੂਰੀਏ ਅਜਮੇਰ ਚੰਦ ਅਤੇ ਸਰਹੰਦ ਦੇ ਨਾਜ਼ਮ ਵਜ਼ੀਰ ਖ਼ਾਂ ਨੇ ਆਪਣੀਆਂ ਫ਼ੌਜਾਂ ਲੈ ਕੇ ਸਿੰਘਾਂ ਉਤੇ ਹੱਲਾ ਕਰ ਦਿੱਤਾ। ਹੋਰ ਫ਼ੌਜੀ ਤੇ ਮੁਲਖਈਆ ਅਨੰਦਪੁਰ ਨੂੰ ਲੁੱਟਣ ਜਾ ਪਏ। ਬੜੀ ਭਾਰੀ ਅਜ਼ਮਾਇਸ਼ ਦਾ ਸਮਾ ਸੀ। ਨਗਰ ਦੀ ਫ਼ਸੀਲ ਦੀ ਓਟ ਵਿਚ ਤਾਂ ਇਹ ਥੋੜੀ ਗਿਣਤੀ ਦੇ ਸਿੰਘ ਕਈ ਮਹੀਨਿਆਂ ਤੋਂ ਲੱਖਾਂ ਵੈਰੀਆਂ ਦੇ ਦੰਦ ਖੱਟੇ ਕਰਦੇ ਆ ਰਹੇ ਸਨ। ਪਰ ਖੁਲ੍ਹੇ ਮੈਦਾਨ ਵਿਚ ਤਾਂ ਉਹਨਾਂ ਦੇ ਟਾਕਰੇ ਤੇ ਇਹ ਆਟੇ ਵਿਚ ਲੂਣ ਸਮਾਨ ਭੀ ਨਹੀਂ ਸਨ। ਵੈਰੀ ਨੇ ਜਾਨ-ਬਖ਼ਸ਼ੀ ਦੇ ਇਕਰਾਰ ਕਰ ਕੇ ਹਥਿਆਰ ਸੁੱਟਣ ਲਈ ਪ੍ਰੇਰਨਾ ਕੀਤੀ। ਪਰ ਉਸ ਦੀ ਇਹ ਚਾਲ ਭੀ ਸਫ਼ਲ ਨਾ ਹੋਈ। ਸਿੰਘ ਆਪਣੇ ਆਜ਼ਾਦੀ-ਦਾਤੇ ਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਹੀ ਟਿਕੇ ਰਹਿਣ ਤੇ ਅੜੇ ਰਹੇ।

ਅਨੰਦਪੁਰ ਤੋਂ ਕੀਰਤਪੁਰ ਪੰਜ ਮੀਲਾਂ ਤੇ ਹੈ। ਸਾਰੇ ਵਹੀਰ ਨੇ ਰੋਪੜ ਨੂੰ ਜਾਣਾ ਸੀ। ਰਸਤੇ ਵਿਚ ਕੀਰਤਪੁਰ ਤੋਂ ਛੇ ਮੀਲਾਂ ਤੇ ਸਰਸਾ ਨਦੀ ਸੀ। ਇਹ ਪਹਾੜੀ ਨਦੀ ਆਮ ਤੌਰ ਤੇ ਸੁੱਕੀ ਰਹਿੰਦੀ ਸੀ, ਵਰਖਾ ਰੁੱਤੇ ਹੀ ਇਸ ਵਿਚ ਹੜ੍ਹ ਆਉਂਦੇ ਸਨ। ਅਜਿਹੀਆਂ ਨਦੀਆਂ ਵਿਚ ਹੜ੍ਹ ਆਉਂਦੇ ਭੀ ਅਚਨਚੇਤ ਹਨ, ਤੇ ਹੁੰਦੇ ਭੀ ਹਨ ਬੜੇ ਹੀ ਤ੍ਰਿੱਖੇ ਵੇਗ ਵਾਲੇ। ਅਨੰਦਪੁਰ ਖ਼ਾਲੀ ਕਰਨ ਸਮੇ ਸਿਆਲੀ ਵਰਖਾ ਸ਼ੁਰੂ ਹੋ ਪਈ ਹੋਈ ਸੀ। ਜਿਸ



www.AKJ.Org

ਵੇਲੇ ਸਾਰਾ ਵਹੀਰ ਸਰਸਾ ਨਦੀ ਦੇ ਨੇੜੇ ਪਹੁੰਚਿਆ, ਤਾਂ ਉਸ ਵਿਚ ਪਾਣੀ ਠਾਠਾਂ ਮਾਰ ਰਿਹਾ ਸੀ।

ਪਿਛਲੇ ਪਾਸੇ ਲਹੂ-ਤਿਹਾਇਆ ਵੈਰੀ-ਦਲ, ਤੇ ਸਾਹਮਣੇ ਸ਼ੂਕਦੀ ਨੂਹ-ਨਦੀ। ਪਰ ਸ਼ੇਰ-ਮਰਦ ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਭੀ ਦਿਲ ਨਹੀਂ ਛੱਡਿਆ। ਸਿੰਘਾਂ ਨੂੰ ਸਮਝਾਇਓ ਨੇ, ਤਲਵਾਰ ਦੇ ਜੰਗ ਵਿਚ ਕਿਸੇ ਵੀ ਕਾਰਨ ਵੈਰੀ ਅੱਗੇ ਹਥਿਆਰ ਸੁੱਟਣੇ ਆਪਣੀ ਮੌਤ ਆਪ ਸਹੇੜਨੀ ਹੈ, ਮੌਤ ਭੀ ਭੈੜੀ ਤੋਂ ਭੈੜੀ ਮੌਤ। ਦੂਜੇ ਪਾਸੇ ਸਨਮੁਖ ਹੋ ਕੇ ਲੜ ਮਰਨਾ ਇਤਨੇ ਲੱਖਾਂ ਦੀ ਗਿਣਤੀ ਵਾਲੇ ਵੈਰੀ ਦੀ ਭਾਰੀ ਹਾਰ ਹੈ। ਸੋ, ਚੜ੍ਹਦੀ ਕਲਾ ਵਿਚ ਰਹਿ ਕੇ, ਮਰ ਮਿਟ ਕੇ ਵੈਰੀ ਨੂੰ ਸ਼ਿਕੱਸਤ ਦੇਣੀ ਹੀ ਸਹੀ ਰਸਤਾ ਹੈ।

ਵੈਰੀ ਨੂੰ ਰੋਕ ਰੱਖਣ ਲਈ ਲੋੜ ਅਨੁਸਾਰ ਸਿੰਘਾਂ ਦੇ ਕੁਝ ਜਥੇ ਟਾਕਰਾ ਕਰਨ ਵਾਸਤੇ ਖੜੇ ਕੀਤੇ ਗਏ। ਜਿਨ੍ਹਾਂ ਸਿੰਘਾਂ ਨੂੰ ਗੁਰੂ ਕੇ ਪਰਵਾਰ ਦੀ ਸੌਂਪਣਾ ਸੀ, ਉਹ ਉਹਨਾਂ ਨੂੰ ਸਰਸਾ ਵਿੱਚੋਂ ਦੀ ਲੈ ਤੁਰੇ। ਸਤਿਗੁਰੂ ਜੀ ਭੀ ਬਹੁਤ ਸਾਰੇ ਵਹੀਰ ਨਾਲ ਸਰਸਾ ਵਿਚ ਠਿੱਲ੍ਹ ਪਏ। ਪਾਣੀ ਦਾ ਵੇਗ ਬਹੁਤ ਹੀ ਤਿੱਖਾ ਸੀ। ਸਾਰੇ ਸਿੰਘ ਘੋੜ-ਅਸਵਾਰ ਨਹੀਂ ਸਨ। ਉਸ ਹੜ੍ਹ ਵਿਚ ਘੋੜਿਆਂ ਦੀ ਭੀ ਪੇਸ਼ ਨਹੀਂ ਸੀ ਜਾਂਦੀ। ਸਾਰਾ ਵਹੀਰ ਇਕੱਠਾ ਨਾ ਰਹਿ ਸਕਿਆ। ਸਿਆਲੀ ਪਾਣੀ ਬਰਫ਼ ਵਰਗਾ ਠੰਢਾ ਸੀ, ਅਨੇਕਾਂ ਹੀ ਰੁੜ੍ਹ ਗਏ; ਜਿਹੜੇ ਬਚੇ, ਉਹ ਭੀ ਸਭ ਖੇਰੂ-ਖੇਰੂ ਹੋ ਗਏ; ਕੋਈ ਕਿਤੇ ਜਾ ਲਗਾ, ਕੋਈ ਕਿਤੇ।

**ਖਿੰਡਿਆ ਵਹੀਰ**–ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਫ਼ਤਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੇ ਨਾਲ ਵਾਲੇ ਸਾਰੇ ਹੀ ਸਿੰਘ ਕੁਝ ਮਾਰੇ ਗਏ ਅਤੇ ਕੁਝ ਰੁੜ੍ਹ ਗਏ। ਉਹਨਾਂ ਨਾਲ ਸਿਰਫ਼ ਘਰ ਦਾ ਰਸੋਈਆ ਗੰਗਾ ਰਾਮ ਹੀ ਬਚ ਕੇ ਨਿਕਲਿਆ। ਗੰਗਾ ਰਾਮ ਜ਼ਾਤ ਦਾ ਬ੍ਰਾਹਮਣ ਸੀ। ਹੁਸ਼ਿਆਰਪੁਰ ਦੇ ਇਲਾਕੇ ਦੇ ਬਹੁਤ ਸਾਰੇ ਬ੍ਰਾਹਮਣ ਢੇਰ ਸਮੇਂ ਤੋਂ ਰਸੋਈਏ ਦਾ ਕੰਮ ਕਰ ਕੇ ਹੀ ਆਪਣਾ ਨਿਰਬਾਹ ਕਰਦੇ ਚਲੇ ਆ ਰਹੇ ਹਨ। ਨਦੀ ਦੇ ਵਹਿਣ ਵਿਚ ਦੂਰ ਹੇਠ-ਵਾਰ ਰੋੜ੍ਹੇ ਪੈ ਜਾਣ ਕਰਕੇ ਇਹ ਚਾਰੇ, ਸਾਥ ਨਾਲੋਂ ਬਹੁਤ ਦੁਰੇਡੇ ਜਾ ਪਏ। ਪਿਛੋਂ ਵੈਰੀ ਦੇ ਪਹੁੰਚਣ ਦਾ ਭੀ ਖ਼ਤਰਾ ਸੀ। ਸਾਥ ਦੀ ਭਾਲ ਮੁਸ਼ਕਿਲ ਹੋ ਗਈ। ਗੰਗਾ ਰਾਮ ਦਾ ਪਿੰਡ ਖੇੜੀ ਇਥੋਂ ਵੀਹ ਕੁ ਮੀਲਾਂ ਦੀ ਵਿੱਥ ਤੇ ਮੋਰਿੰਡੇ ਦੇ ਨੇੜੇ ਸੀ। ਗੰਗਾ ਰਾਮ ਇਲਾਕੇ ਦਾ ਵਾਕਿਫ਼ ਸੀ, ਉਹ ਵਾਹੋ-ਦਾਹੀ ਉਹਨਾਂ ਨੂੰ ਆਪਣੇ ਪਿੰਡ ਲੈ ਗਿਆ*।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਘੋੜ-ਅਸਵਾਰ ਸਿੰਘ ਸਰਸਾ ਤੋਂ ਪਾਰ ਲੰਘੇ। ਜਿਤਨਾ ਚਿਰ ਹੜ੍ਹ ਸੀ, ਵੈਰੀ-ਦਲ ਉਸ

[ਬਾਕੀ ਦੇਖੋ ਸਫ਼ਾ ੨੪ ਦੇ ਹੇਠ]

---

* ਗੰਗੂ ਬ੍ਰਾਹਮਣ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਗਿਆ। ਮਾਤਾ ਜੀ ਦੀਆਂ ਅਸ਼ਰਫ਼ੀਆਂ ਦੀ ਥੈਲੀ ਨੇ ਉਸ ਦਾ ਮਨ ਬੇਈਮਾਨ ਕਰ ਦਿਤਾ। ਲਾਲਚ-ਵਸ ਹੋ ਕੇ ਉਸ ਨੇ ਸੂਬਾ ਸਰਹਿੰਦ ਨੂੰ ਖ਼ਬਰ ਦੇ ਕੇ ਇਨ੍ਹਾਂ ਨੂੰ ਫੜਾ ਦਿਤਾ। ਸੂਬੇ ਨੇ ਇਨ੍ਹਾਂ ਨੂੰ ਠੰਢੇ ਬੁਰਜ ਵ੍ਰਿਚ ਬੰਦੀ ਪਾ ਦਿਤਾ। ਇਕ ਪਾਸੇ ਕਹਿਰਾਂ ਦਾ ਪਾਲਾ, ਦੂਜੇ ਪਾਸੇ ਇਸ ਠੰਢੇ ਬੁਰਜ ਦੀ ਕੈਦ। ਮਾਤਾ ਜੀ ਤੇ ਇਨ੍ਹਾਂ ਮਾਸੂਮ ਜਿੰਦੜੀਆਂ ਦੇ ਸਰੀਰ ਸੁੰਨ ਹੋ ਗਏ। ਮਾਤਾ ਜੀ ਕਚਹਿਰੀ ਵਿਚ ਪੇਸ਼ ਹੋਣ ਤੋਂ ਪਹਿਲਾਂ ਬੱਚਿਆਂ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਉਪਦੇਸ਼ ਦਿੰਦੇ ਰਹੇ ਅਤੇ ਆਪਣੇ ਦਾਦੇ ਸਤਿਗੁਰੂ ਤੇਗ ਬਹਾਦਰ ਜੀ ਦੀ ਅਡੋਲ ਅਦੁੱਤੀ ਸ਼ਹੀਦੀ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਭਿਆਨਕ ਦੁੱਖਾਂ ਸਮੇਂ ਡਿਗਣ ਡੋਲਣ ਤੋਂ ਰਹਿਤ, ਮਹਾਂ ਬਲੀ ਸੂਰਮਾ ਹੋ ਕੇ ਟਾਕਰਾ ਕਰਨ ਦੀਆਂ ਹੱਡ-ਬੀਤੀਆਂ ਦੁਹਰਾ ਦੁਹਰਾ ਕੇ ਸੁਚੇਤ ਕਰਦੇ ਰਹੇ ਕਿ ਜ਼ਾਲਮਾਂ ਅਗੇ ਕਿਸੇ ਤਰ੍ਹਾਂ ਵੀ ਲਿਫਣਾ ਨਹੀਂ ਅਤੇ ਆਪਣੇ ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਸੰਗ ਤੋੜ ਨਿਭਾਣਾ। ਬੱਚੇ ਕੰਧਾਂ ਵਿਚ ਚਿਣੇ ਜਾ ਕੇ ਸ਼ਹੀਦੀਆਂ ਪਾ ਕੇ ਕੌਮ ਲਈ ਉੱਚੇ ਸੁੱਚੇ ਪੂਰਨੇ ਪਾ ਗਏ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਚੜ੍ਹਦੀਆਂ ਕਲਾ ਵਿਚ ਸੁਣ ਕੇ, ਮਾਤਾ ਜੀ ਪ੍ਰਭੂ ਦੇ ਸ਼ੁਕਰਾਨੇ ਵਿਚ ਸਮਾਧ-ਸਥਿਤ ਹੋ ਗਏ। ਪਰ ਠੰਢੇ ਬੁਰਜ ਵਿਚ ਕਹਿਰਾਂ ਦੀ ਸਰਦੀ ਨਾਲ ਸੁੰਨ ਹੋਏ ਸਰੀਰ ਵਿਚ ਉਹ ਬੇਸੁਧ ਹੀ ਹੋ ਗਏ। ਉਸ ਬੇਸੁਧੀ ਦੀ ਹਾਲਤ ਵਿਚ ਹੀ, ਅਪਾਰ ਭਾਣਿਆਂ ਨੂੰ ਖਿੜੇ ਮੱਥੇ ਜਰਨ ਵਾਲੇ ਮਾਤਾ ਜੀ ਬੁਰਜ ਤੋਂ ਹੇਠਾਂ ਡਿਗ ਗਏ ਅਤੇ ਸ਼ਹੀਦੀ ਪ੍ਰਾਪਤ ਕਰ ਗਏ।

ਨੋਟ :–ਦਸੰਬਰ ੧੯੯੦ ਦੇ 'ਸੂਰਾ' ਵਿਚ "ਸ਼ਹੀਦ ਸਾਹਿਬਜ਼ਾਦੇ" ਲੇਖ ਵਿਚ ਲੇਖਕ ਨੇ ਇਸ ਸ਼ਹੀਦੀ ਨੂੰ ਸਪੱਸ਼ਟ ਤੌਰ ਤੇ ਨਿਖਾਰ ਕੇ ਨਾ ਲਿਖਿਆ, ਜਿਸ ਕਰਕੇ ਕੁਝ ਪਾਠਕਾਂ ਨੇ ਗਿਲਾ ਕਰ ਭੇਜਿਆ ਹੈ। ਅਸੀਂ ਪਾਠਕਾਂ ਤੋਂ ਸਦਾ ਖਿਮਾ ਦੇ ਜਾਚਕ ਹਾਂ।

–ਸੰਪਾਦਕ

www.AKJ.Org

ਸਿਰ ਬਾਝੋਂ ਲੜਨਾ, "ਚਾਤਰ" ਸਿੱਖਾਂ ਨੂੰ ਆਇਆ

# ਸਿਰਲਥ ਜੋਧੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ

[ ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ ]

ਆ ਅੰਮ੍ਰਿਤਸਰ ਵਿਚ ਗਿਲਜਿਆਂ, ਇਉਂ ਕਲਹਿ ਜਗਾਈ।
ਓਨ੍ਹਾਂ ਥਾਂ ਥਾਂ ਲਾਂਭੇ ਸ਼ਹਿਰ ਦੇ, ਚੌਂਕੀ ਬੈਠਲਾਈ।
ਓਨ੍ਹਾਂ ਧਰਮੀ ਕੀਤੇ ਗਾਜਰਾਂ, ਦਿਲ ਦਇਆ ਨ ਆਈ।
ਓਹ ਜਾਪਣ ਹਾਥੀ ਭੂਤਰੇ, ਬਿਨ ਖਸਮ ਗੁਸਾਈਂ।
ਓਨ੍ਹਾਂ ਚੱਕੀ ਝੋ ਕੇ ਜ਼ੁਲਮ ਦੀ, ਵਿਚ ਖ਼ਲਕਤ ਪਾਈ।
ਓਨ੍ਹਾਂ ਪੀਹ ਪੀਹ ਖ਼ਲਕਤ ਰੱਬ ਦੀ, ਬਰੀਕ ਬਣਾਈ।
ਇਹ ਤੱਕ ਕੇ ਨੱਸੇ ਸੂਰਮੇ, ਛੱਡ ਸੂਰਮਤਾਈ।
ਤਦ ਪਤਰਾ ਵਾਚੇ ਛਡ ਕੇ, ਭੈਣਾਂ ਨੂੰ ਭਾਈ।
ਤਦ ਅੰਮ੍ਰਿਤਸਰ ਦੇ ਤਾਲ ਦੀ, ਹੋ ਗਈ ਸਫਾਈ।
ਇਹ ਕਿਸੇ ਸ਼ਹੀਦੀ ਮਿਸਲ ਨੂੰ, ਜਾ ਖ਼ਬਰ ਸੁਣਾਈ। (ਚਾਤਰ)

ਇਹ ਵਾਰਤਾ ਸੰਨ ੧੭੫੬ ਦੀ ਹੈ ਕਿ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਕਰਦੇ ਹੋਏ, ਅਹਿਮਦ ਸ਼ਾਹ ਅਬਦਾਲੀ ਦੀਆਂ ਜ਼ਾਲਮ ਫੌਜਾਂ ਨੇ ਸੁਧਾ-ਸਰੋਵਰ ਨੂੰ ਘੱਟਾ ਮਿੱਟੀ, ਕੂੜੇ ਕਰਕਟ, ਸਗੋਂ ਗਊਆਂ ਤੱਕ ਨੂੰ ਵੱਢ ਕੇ, ਸਰੋਵਰ ਵਿੱਚ ਸੁਟਿਆ ਅਤੇ ਪੂਰ ਦਿੱਤਾ। ਸਿੱਖ ਨੂੰ ਗੁਰਦੁਆਰਿਆਂ ਦੀ ਬੇਅਦਬੀ ਸੁਣ ਕੇ ਅੱਗ ਲੱਗ ਜਾਂਦੀ ਹੈ। ਜਦੋਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਬਾਬਾ ਦੀਪ ਸਿੰਘ ਜੀ ਨੂੰ ਇਹ ਸੁਣਾਉਣੀ ਪੁੱਜੀ ਤਾਂ ਬਾਬਾ ਜੀ ਨੇ ਪ੍ਰਣ ਕੀਤਾ ਕਿ :

ਮੈਂ ਰਣ ਵਿਚ ਮਾਰਾਂ ਸੂਰਮੇ, ਖੰਡਾ ਖੜਕਾਵਾਂ।
ਮੈਂ ਖਾਨ ਬਹਾਦੁਰ ਵੱਢ ਕੇ, ਚੀਲਾਂ ਨੂੰ ਪਾਵਾਂ।
ਮੈਂ ਚੁਣ ਚੁਣ ਮਾਰਾਂ ਸੂਰਮੇ, ਜੋ ਜਾਏ ਮਾਵਾਂ।
ਮੈਂ ਜੀਉਂਦੀ ਜਾਨ ਜਹਾਨ ਖਾਂ, ਨਾ ਛੱਡ ਕੇ ਆਵਾਂ।
ਮੈਂ ਰੱਤ ਮਿਝ ਦਾ ਖੇਤ ਵਿਚ, ਇਕ ਵਹਿਣ ਵਗਾਵਾਂ।
ਤੇ ਤਾਰਾਂ ਫੌਜਾਂ ਵਹਿਣ ਵਿੱਚ, ਅਨਿਆਂ ਡੁਬਾਵਾਂ।
ਤੇ ਸਿਰੀਆਂ ਭੇਟਾ ਚਾੜ੍ਹ ਕੇ, ਮੈਂ ਮੌਤ ਮਨਾਵਾਂ।
ਮੈਂ ਵਰਾਂ ਸ਼ਹੀਦੀ-ਨਾਰ ਨੂੰ ਲੈ ਰਣ ਵਿੱਚ ਲਾਵਾਂ।
ਪਿਟ ਪਿਟ ਕੇ ਰੋਣ ਪਠਾਣੀਆਂ, ਕਰ ਲੰਮੀਆਂ ਬਾਹਵਾਂ।
ਨਾ ਬਚਨ ਪੁਗਾਏ ਬਾਝ ਮੈਂ, ਮੁੜ ਵਾਪਸ ਆਵਾਂ।

ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਸਨ। ਬਾਬਾ ਜੀ ਨੇ ਅੰਮ੍ਰਿਤਸਰ ਨੂੰ ਆਜ਼ਾਦ ਕਰਾਉਣ ਲਈ ਕਮਰਕਸੇ ਕਰ ਲਏ। ਇਹ ਗੱਲ ਜਨਵਰੀ ਸੰਨ ੧੭੫੭* ਦੀ ਹੈ। ਉਸ ਸਮੇਂ ਬਾਬਾ ਜੀ ਦੀ ਆਯੂ ੭੫ ਸਾਲ ਦੀ ਸੀ। ਬਾਬਾ ਜੀ ਦਾ ਜਨਮ ੧੪ ਮਾਘ ਸੰਮਤ ੧੭੩੯ ਬਿਕ੍ਰਮੀ (੨੬, ੨੭ ਜਨਵਰੀ, ੧੬੮੨) ਨੂੰ ਪਿੰਡ ਪਹੂਵਿੰਡ, ਤਸੀਲ ਪੱਟੀ, ਜ਼ਿਲਾ ਅੰਮ੍ਰਿਤਸਰ ਵਿਚ ਭਾਈ ਭਗਤਾ ਜੀ ਸੰਧੂ ਜੱਟ ਦੇ ਘਰ ਮਾਤਾ ਜੀਊਣੀ ਜੀ ਦੀ ਅਣਖੀਲੀ ਕੁਖ ਤੋਂ ਹੋਇਆ। ਬਾਬਾ ਜੀ ਨੇ ਗਿਲਜਿਆਂ ਨਾਲ ਟਾਕਰਾ ਕਰਨ ਦੀਆਂ ਤਿਆਰੀਆਂ ਕਰ ਲਈਆਂ। ਚਾਤਰ ਜੀ ਇਉਂ ਵਾਰਬੰਦੀ ਕਰਦੇ ਹਨ:—

ਇਉਂ ਸਿੰਘ ਨੇ ਬੀੜਾ ਚੁਕਿਆ, ਲਾ ਚੋਟ ਨਗਾਰੇ।
ਓਸ ਖੰਡਾ ਕਢ ਕੇ ਖੋਲ 'ਚੋਂ, ਇਉਂ ਬਚਨ ਉਚਾਰੇ:
"ਬਲ ਬਖਸ਼ੀਂ ਫੌਜਾਂ ਵਾਲਿਆ, ਕਰ ਸੁਟੀਏ ਕਾਰੇ।
ਅਸੀਂ ਸੀਸ ਚੜ੍ਹਾਈਏ ਆਪਣਾ ਜਾ ਗੁਰੂ ਦੁਆਰੇ।"
ਉਹ ਮੌਤ ਵਿਆਹੁਣ ਚੱਲਿਆ, ਸਿੰਘ ਜਾਂਞੀ ਸਾਰੇ।
ਪਏ ਸਿਰ ਤੇ ਚੱਕਰ ਚਮਕਦੇ, ਮਾਰਨ ਲਿਸ਼ਕਾਰੇ।
ਓਹ ਤੁਰ ਪਏ ਪੁਤ ਅਕਾਲ ਦੇ, ਲੈ ਹੱਥ ਦੋ-ਧਾਰੇ।
ਉਡ ਘੱਟਾ ਚੜ੍ਹਿਆ ਅੰਬਰੀਂ, ਪਏ ਗਰਦ ਗੁਬਾਰੇ।

ਬਾਬਾ ਜੀ ਨੇ ਸਿੰਘਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਵੱਲ ਵਹੀਰਾਂ ਪਾ ਦਿੱਤੀਆਂ। ਤਰਨ ਤਾਰਨ ਪੁੱਜ ਕੇ ਬਾਬਾ ਜੀ ਨੇ ਲਕੀਰ ਖਿੱਚ ਦਿੱਤੀ ਕਿ ਸੂਰਮੇ ਅੱਗੇ ਟੱਪ ਜਾਓ ਤੇ ਗੀਦੀ ਪਿਛੇ ਭੱਜ ਜਾਓ। ਕੌਣ ਪਿਛੇ ਰਵ੍ਹੇ, ਸਮੂਹ ਸੂਰੇ ਛਾਲੀਂ ਮਾਰਦੇ ਲਕੀਰ ਟੱਪ ਗਏ। ਅੰਮ੍ਰਿਤਸਰ ਤੋਂ ਪੰਜ ਮੀਲ, ਚੱਬੇ ਪਿੰਡ ਦੇ ਕੋਲ ਪਠਾਣਾਂ ਤੇ ਸਿੰਘਾਂ ਦਾ ਘਮਸਾਣ ਦਾ ਜੰਗ ਹੋਇਆ। ਕਰਤਾ "ਲਹੂ ਦੇ ਲੇਖ" ਇਉਂ ਨਕਸ਼ਾ ਬੰਨ੍ਹਦਾ ਹੈ:

ਇਉਂ ਹੋ ਕੇ ਆਹਮੋ ਸਾਹਮਣੇ, ਦਲ ਦੋਵੇਂ ਜੁੱਟੇ।
ਓਥੇ ਤੀਰ ਤਿਰਾਏ ਰੱਤ ਦੇ, ਚਿਲਿਆਂ ਤੋਂ ਛੁੱਟੇ।

*ਸ: ਰਣਧੀਰ ਸਿੰਘ ਰੀਸਰਚ ਸਕਾਲਰ ਸ਼੍ਰੋ: ਗੁ: ਪ੍ਰ: ਕਮੇਟੀ ਅਨੁਸਾਰ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤਰੀਕਾਂ ਇਉਂ ਹਨ —੩੦ ਕਤਕ ਸੰਮਤ ੧੮੧੪ ਬਿਕ੍ਰਮੀ, ਕੱਤਕ ਦੀ ਮਸਿਆ, ਸ਼ੁਕਰਵਾਰ, ੧੭ ਨਵੰਬਰ ੧੭੫੭ ਈ:।



www.AKJ.Org

ਓਥੇ ਹਿੱਕਾਂ ਹੋਈਆਂ ਛਾਨਣੀ, ਕਈ ਮੱਥੇ ਛੁੱਟੇ।
ਓਥੇ ਨੇਜ਼ਿਆਂ ਸਿਰੀਆਂ ਚੁਕੀਆਂ,ਧੜ ਦਿਸਦੇ ਬੁੱਟੇ।
ਓਥੇ ਲੱਤਾਂ ਬਾਹਵਾਂ ਦਿਸਦੀਆਂ. ਵੱਢ ਮੱਛੇ ਸੁੱਟੇ।
ਓਥੇ ਸੌਂ ਗਏ ਸੂਰੇ ਜਿਨ੍ਹਾਂ ਦੇ, ਸਨ ਚੋਗ ਨਿਖੁੱਟੇ।

ਸਿੰਘਾਂ ਤੇ ਪਠਾਣਾਂ, ਦੋਹਾਂ ਫੌਜਾਂ ਨੇ ਖ਼ੂਬ ਜੋਸ਼ ਨਾਲ ਵਧ ਵਧ ਕੇ ਇਕ ਦੂਜੇ ਤੇ ਹੱਲੇ ਬੋਲੇ। ਦੋਹਾਂ ਦਲਾਂ ਵਿੱਚ ਡਟਵਾਂ ਮੁਕਾਬਲਾ ਹੋਇਆ। ਜਰਨੈਲ ਜਹਾਨ ਖਾਨ ਹਾਰ ਹੁੰਦੀ ਦੇਖ ਕੇ ਆਪ ਮੈਦਾਨ ਵਿੱਚ ਆ ਗਿਆ। ਬਾਬਾ ਜੀ ਦਾ ਚਿਤਰ ਰਣ-ਤੱਤੇ ਵਿੱਚ:–

ਪਰ ਉਧਰ ਵੀ ਸਿਰਲਥ ਦਾ, ਪਿਆ ਖੰਡਾ ਖੜਕੇ।
ਉਹ ਭੁੰਞੇ ਪਾਏ ਜੁਆਨ ਨੂੰ, ਮੌਢੇ ਤੇ ਚੜ੍ਹ ਕੇ।
ਸੀ ਅੜਦ ਜਿਹੜਾ ਉਸਦੀ, ਜਿੰਦ ਜ਼ਰਾ ਨ ਅੜਕੇ।
ਉਹ ਰਣ ਵਿਚ ਰੜਕਾਂ ਕੱਢਦਾ, ਵੈਰੀ ਨੂੰ ਰੜਕੇ।
ਉਹ ਰੂਪ ਧਾਰ ਕੇ ਕਾਲ ਦਾ, ਗੱਜੇ ਤੇ ਕੜਕੇ।

ਆਪਣੀ ਸੈਨਾ ਦਾ ਘਾਣ ਹੁੰਦਾ ਦੇਖ ਕੇ ਜਹਾਨ ਖ਼ਾਂ ਘਬਰਾ ਗਿਆ ਅਤੇ ਬਾਬਾ ਜੀ ਨੂੰ ਲਲਕਾਰਿਆ:–

ਉਸ ਗੁੱਸੇ ਵਿੱਚ ਆਖਿਆ, ਗੱਲ ਸੁਣ ਲੈ ਭਾਈ।
ਆ ਪਿੜ ਵਿਚ ਭਿੜੀਏ ਦੋ ਜਣੇ, ਤਕ ਲਏ ਲੁਕਾਈ।
ਕਿਉਂ ਖ਼ਲਕਤ ਮਰੇ ਖ਼ੁਦਾ ਦੀ, ਕਰ ਘੋਰ ਲੜਾਈ।
ਤੂੰ ਹੋ ਜਾ ਮੇਰੇ ਸਾਹਮਣੇ, ਕਰ ਕੇ ਤਕੜਾਈ।
ਮੈਂ ਸਿਰ ਤੇਰਾ ਵੱਖ ਕਰ ਦਿਆਂ, ਹੈ ਹੁਕਮ ਖ਼ੁਦਾਈ।
ਨਹੀਂ ਦੂਜੀ ਵਾਰੀ ਖਾਨ ਹੈ, ਮੁੜ ਜੰਮਣਾ ਮਾਈ।

ਬਾਬਾ ਜੀ ਨੇ ਚੈਲੰਜ ਕਬੂਲ ਕੀਤਾ ਤੇ ਵੰਗਾਰਿਆ:–

ਕੀ ਡਰ ਹੈ ਉਸ ਨੂੰ ਮੌਤ ਦਾ, ਜਿਸ ਬੱਧਾ ਗਾਨਾ।
ਜੇ ਹਈ ਦਿਲ ਵਿਚ ਬੀਰਤਾ, ਆ ਪਿੜ ਵਿਚ ਖਾਨਾ।
ਤੈਨੂੰ ਘਲਾਂ ਓਧਰ, ਜਿਧਰੋਂ ਨਾ ਪਰਤਣ ਜਾਨਾਂ।
ਮੈਂ ਤੋੜਾਂ ਤੇਰਾ ਪਿੰਜਰਾ, ਰੂਹ ਕਰਾਂ ਰਵਾਨਾ।
ਸਿਰ ਤੇਰੇ ਹੋਣੀ ਕੂਕਦੀ, ਲੈ ਕੇ ਪਰਵਾਨਾ।

ਦੋਨੋਂ ਸੂਰਮੇ, ਬਾਬਾ ਦੀਪ ਸਿੰਘ ਜੀ ਤੇ ਸਿਪਾਹ-ਸਾਲਾਰ ਜਹਾਨ ਖ਼ਾਂ ਦਾ ਮੈਦਾਨਿ ਜੰਗ ਵਿਚ ਸਿੱਧਾ, ਆਹਮੋ ਸਾਹਮਣੇ ਮੁਕਾਬਲਾ ਹੋਇਆ–

ਇਕ ਕਲਗੀਧਰ ਦਾ ਸੂਰਮਾ, ਇਕ ਹੈ ਸਰਕਾਰੀ।
ਓਹ ਦੋਵੇਂ ਹੀ ਵਰਿਆਮ ਨੇ, ਉਸਤਾਦ ਖਿਲਾਰੀ।
ਓਹ ਦਿੱਸਣ ਏਦਾਂ ਜੂਝਦੇ, ਜਿਉਂ ਸ਼ੇਰ ਸ਼ਿਕਾਰੀ।

ਦੋਨੋਂ ਸੂਰਮੇ ਇਕ ਦੂਜੇ ਤੇ ਚੜ੍ਹ ਚੜ੍ਹ ਕੇ ਵਾਰ ਕਰਨ ਲੱਗੇ। ਦੋਨੋਂ ਰਣ-ਖੇਤਰ ਦੇ ਪੂਰੇ ਸੂਰ ਸਨ। ਕਵ[illegible] ਦੋਹਾਂ ਮਹਾਂਬਲੀ ਯੋਧਿਆਂ ਦੀ ਇਉਂ ਵਡਿਆਈ ਕਰਦਾ ਹੈ:–

ਜਦ ਦੋਹਾਂ ਆਹਮੋ ਸਾਹਮਣੇ, ਕਢ ਵਾਰ ਉਲਾਰੇ।
ਵਿਚ ਦਿਲ ਦੇ ਗੁੱਸਾ ਧਾਰ ਕੇ, ਵੈਰੀ ਨੂੰ ਮਾਰੇ।
ਉਹ ਸਾਂਝੇ ਵਿਚ ਦੋਹਾਂ ਨੂੰ, ਤੇ ਕਰ ਗਏ ਕਾਰੇ।
ਸਿਰ ਲਥਿਆ ਦੋਹਾਂ ਧੜਾਂ ਤੋਂ, ਇਉਂ ਖ਼ੂਨ ਨਜ਼ਾਰੇ।
ਤੇ ਪਲ ਵਿਚ ਡਿੱਗੇ ਜੰਗ ਵਿਚ, ਜ਼ੋਰਾਵਰ ਭਾਰੇ।
ਇਉਂ ਆਪੋ ਆਪਣੀ ਅਣਖ ਤੋਂ, ਗਏ ਅਣਖੀ ਵਾਰੇ।

ਬਾਬਾ ਜੀ ਨੇ ਦਮਦਮਾ ਸਾਹਿਬ ਤੋਂ ਚੜ੍ਹਾਈ ਕਰ[illegible] ਸਮੇਂ ਪ੍ਰਣ ਕੀਤਾ ਸੀ, "ਜੀਉਂਦੇ ਜੀ ਦਰਬਾਰ ਸਾਹਿਬ ਦ[illegible] ਪਵਿੱਤਰਤਾ ਨੂੰ ਬਹਾਲ ਕਰ ਕੇ, ਗੁਰੂ ਰਾਮ ਦਾਸ ਜੀ ਦੇ ਦਰਬਾਰ ਵਿੱਚ ਸੀਸ ਦੀ ਭੇਟਾ ਚਾੜ੍ਹਾਂਗਾ।" ਬਾਬਾ ਜੀ ਨੂੰ ਡਿਗਿਆ ਦੇਖ ਕੇ ਇੱਕ ਸਿੰਘ ਨੇ ਪ੍ਰਣ ਚੇਤੇ ਕਰਵਾਇਆ:–

ਤੂੰ ਬਹਿ ਗਇਉਂ ਬਾਕੀ ਸੂਰਮੇ, ਕਿਸ ਮਾਰ ਮੁਕਾਣੇ।
ਬਿਨ ਤੇਰੇ ਕਿਹੜਾ ਦਲੇਗਾ, ਇਹ ਜ਼ੁਲਮੀ ਦਾਣੇ।
ਨਾ ਮਰਦੇ ਤੇਰੇ ਬਾਝ ਇਹ ਪਾਪੀ ਜਰਵਾਣੇ।
ਉਹ ਬਚਨ ਨ ਕਰੀਏ ਕਦੇ ਵੀ, ਜੋ ਨਹੀਂ ਪੁਗਾਣੇ।
ਅਜ ਪੌਂ ਬਾਰ੍ਹਾਂ ਦੀ ਆਸ ਸੀ, ਪੈ ਗਏ ਤਿੰਨ ਕਾਣੇ।

ਬਾਬਾ ਜੀ ਦੀ ਸਿੱਖੀ ਅਣਖ ਤੇ ਅਗੰਮੀ ਸੂਰਮਤਾਈ ਦੇ ਜਜ਼ਬੇ ਤੇ ਵਲਵਲੇ ਨੇ ਹਿਲੂਣਾ ਮਾਰਿਆ:–

ਤਦ ਪਾਰੇ ਵਾਂਗੂ ਤੜਫਿਆ, ਧੜ ਸਿੰਘ ਦਾ ਸਾਰਾ।
ਉਠ ਖਲੋਤਾ ਧਰਤ ਤੋਂ, ਛਡ ਕੇ ਜੈਕਾਰਾ।
ਉਸ ਇਕ ਹੱਥ ਫੜਿਆ ਸੀਸ ਨੂੰ, ਦੂਜੇ ਦੋ-ਧਾਰਾ।
ਵਾਹ ਧੜ ਨੇ ਲਾਈਆਂ ਢੇਰੀਆਂ, ਵਗ ਪਈ ਰੱਤ ਧਾਰਾ।
ਓਹ ਜਿਸ ਜਿਸ ਉਤੇ ਜਾ ਪਿਆ, ਦਸਮੇਸ਼ ਦੁਲਾਰਾ–
ਉਹਦੇ ਸਿਰ ਤੇ ਟੁੱਟੀ ਬਿਜਲੀ, ਡਿਗ ਪਿਆ ਮੁਨਾਰਾ।
ਜੋ ਸਾਹਵੇਂ ਆਇਆ ਸੂਰਮਾ, ਹੋ ਗਿਆ ਨਾਕਾਰਾ।
ਓਦ੍ਹਾ ਸੀਸ ਧੜੋਂ ਇਉਂ ਲਹਿ ਗਿਆ, ਜਿਵੇਂ ਅੰਬਰੋਂ ਤਾਰਾ।

ਪਰ, ਧੰਨ ਬਾਬਾ ਦੀਪ ਸਿੰਘ ਜੀ, ਅਣੋਖੇ, ਅਦੁੱਤ[illegible] ਸ਼ਹੀਦ। ਬਾਬਾ ਜੀ ਨੇ ਆਪਣਾ ਸੀਸ ਪ੍ਰਸ਼ਾਦ ਵਜੋਂ ਹੱਥ ਵਿੱ[illegible] ਲਿਆ ਹੋਇਆ ਸੀ ਤੇ ਦਰਬਾਰ ਸਾਹਿਬ ਵੱਲ ਇਉਂ ਸ਼ਰਧ[illegible] ਨਾਲ ਚਾਲੇ ਪਾਏ, ਜਿਸ ਤਰ੍ਹਾਂ ਸ਼ਰਧਾਲੂ ਹਰੀਮੰਦਰ, ਕੜਾ[illegible] ਪ੍ਰਸ਼ਾਦ ਜਾਂ ਫੁੱਲਾਂ ਦੀ ਮਾਲਾ ਭੇਟਾ ਕਰ ਕੇ ਮੱਥਾ ਟੇਕਦੇ ਹਨ

ਵਾਹ, ਸਿਰ ਫੁੱਲਾਂ ਦੀ ਟੋਕਰੀ, ਬਣ ਗਿਆ ਨਜ਼ਾਰਾ।
ਲੈ ਭੇਟਾ ਗੁਰ-ਦਰਬਾਰ ਦੀ, ਜਾ ਰਿਹਾ ਪਿਆਰਾ।


www.AKJ.Org

ਇਉਂ ਤੁਰਿਆ ਪੈਦਲ ਸੂਰਮਾ, ਗੁਰਸਿਖ ਨਿਆਰਾ।

**ਬਾਬਾ ਜੀ ਦਾ ਲਾਸਾਨੀ ਅੰਤ :**

ਜਦ ਕੱਲੇ ਧੜ ਨੇ ਇਸ ਤਰ੍ਹਾਂ ਖੰਡਾ ਖੜਕਾਇਆ।
ਸਭ ਭਜ ਗਏ ਅੱਗੇ ਲੱਗ ਕੇ,ਦਿਲ ਸਹਿਮ ਵਧਾਇਆ।
ਕੋਈ ਡਰ ਡਰ ਡਿਗਿਆ, ਸਿਰ ਕਿਸੇ ਭੰਨਾਇਆ।
ਇਉਂ ਜੰਗ ਮਾਰਿਆ ਖ਼ਾਲਸੇ, ਕਹਿ ਬੋਲ ਪੁਗਾਇਆ।
ਸਿਰ ਬ੍ਾਝੋਂ ਲੜਨਾ ਚਾਤਰਾ ਸਿੱਖਾ ਨੂੰ ਆਇਆ।

'ਲਹੂ ਦੇ ਲੇਖ'

ਇਉਂ ਬਾਬਾ ਜੀ ਨੇ ਆਪਣਾ ਸੀਸ ਤਲੀ ਤੇ ਰੱਖ ਕੇ, ਰਾਮਸਰ ਸਾਹਿਬ ਲੰਘ ਕੇ ਅੰਮ੍ਰਿਤ ਸਰੋਵਰ ਪਰਕਰਮਾਂ ਵਿੱਚ ਸਤਿਗੁਰਾਂ ਦੇ ਚਰਨਾਂ ਤੇ ਸੀਸ ਦੀ ਭੇਟਾ ਰੱਖੀ। ਇਸੇ ਅਸਥਾਨ ਤੇ ਗੁਰਦੁਆਰਾ ਸ਼ਹੀਦ ਬੁੰਗਾ ਅਸਥਿਤ ਹੈ। ਜਿਥੇ ਬਾਬਾ ਜੀ ਦਾ ਸੀਸ ਧੜ ਤੋਂ ਜੁਦਾ ਹੋ ਗਿਆ ਸੀ। ਅੰਮ੍ਰਿਤਸਰੋਂ, ਤਰਨ ਤਾਰਨ ਵਾਲੀ ਸੜਕ ਤੇ ਪੰਜਵੇਂ ਮੀਲ ਤੇ ਗੁਰਦੁਆਰਾ ਸੁਭਾਇਮਾਨ ਹੈ, ਨੇੜੇ ਹੀ ਐਨ ਸੜਕ ਤੇ ਉਹਨਾਂ ਦੇ ਸਾਥੀ ਜਰਨੈਲ, ਬਾਬਾ ਨੌਧ ਸਿੰਘ ਜੀ ਦੀ ਸਮਾਧ ਹੈ। ਬਾਬਾ ਜੀ ਦੇ ਸਰੀਰ ਦਾ ਅੰਤਮ ਸਸਕਾਰ, ਰਾਮਗੜ੍ਹੀਆ ਸਰਦਾਰਾਂ ਤੇ ਸਰਦਾਰਨੀਆਂ ਦੀਆਂ ਸਮਾਧਾਂ ਕੋਲ, ਚਾਟੀ-ਵਿੰਡ ਗੇਟ ਦੇ ਬਾਹਰ, ਤਰਨ ਤਾਰਨ ਵਾਲੀ ਸੜਕ ਤੇ ਕੀਤਾ ਗਿਆ ਸੀ। ਇਸ ਅਸਥਾਨ ਤੇ ਸਤਿਕਾਰ ਤੇ ਤੇਜ ਪਰਤਾਪ ਭਰਪੂਰ ਮਹਾਨ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਪਵਿੱਤਰ ਅਸਥਾਨ ਤੇ ਸ਼ਰਧਾ ਤੇ ਪ੍ਰੇਮ ਭਰਪੂਰ ਕੀਤੀਆਂ ਅਰਦਾਸਾਂ ਅਵੱਸ਼ ਪੂਰੀਆਂ ਹੁੰਦੀਆਂ ਹਨ। ਹਰ ਐਤਵਾਰ ਭਾਰੀ ਜੋੜ ਮੇਲਾ ਹੁੰਦਾ ਹੈ। ਇਸ ਅਸਥਾਨ ਤੇ ਨਮਸਕਾਰ ਕਰਨ ਸਦਕਾ ਮਨ ਤੇ ਆਤਮਾ ਬਲਵਾਨ ਹੁੰਦੇ ਹਨ, ਸਰੀਰ ਅਤੇ ਦਿਮਾਗ ਅਰੋਗ ਤੇ ਸਿਹਤਮੰਦ ਹੁੰਦੇ ਹਨ, ਪਰਤੱਖ ਨੂੰ ਪਰਖਣ ਦੀ ਲੋੜ ਨਹੀਂ।

---

(ਸਫਾ ੨੧ ਦੀ ਬਾਕੀ)

ਵਿਚੋਂ ਲੰਘਣ ਦਾ ਖ਼ਤਰਾ ਮੁੱਲ ਨਹੀਂ ਲੈ ਸਕਦਾ ਸੀ। ਪਹਾੜੀ ਨਦੀਆਂ ਵਿਚ ਬੜੀ ਹੀ ਛੇਤੀ ਪਾਣੀ ਚੜ੍ਹ ਆਉਂਦਾ ਹੈ; ਤੇ ਉਸੇ ਤਰ੍ਹਾਂ ਬਹੁਤ ਛੇਤੀ ਉਤਰ ਜਾਂਦਾ ਹੈ। ਇਸ ਹੜ੍ਹ ਤੋਂ ਲਾਭ ਉਠਾਣ ਲਈ ਸਤਿਗੁਰੂ ਜੀ ਪਾਸ ਸਮਾ ਬਹੁਤ ਥੋੜਾ ਸੀ, ਨਦੀ ਦੇ ਹੇਠ-ਵਾਰ ਦੂਰ ਤਕ ਵਹੀਰ ਦਾ ਕੋਈ ਸਾਥੀ ਨਜ਼ਰੀਂ ਨਹੀਂ ਸੀ ਪੈਂਦਾ। ਭਾਲ ਕਰਨ ਜੋਗਾ ਸਮਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਇਤਨੇ ਹੀ ਸਾਥ ਸਮੇਤ ਰੋਪੜ ਨੂੰ ਚੱਲ ਪਏ।

ਅਨੰਦਪੁਰ ਤੋਂ ਤੁਰੇ ਸਿੰਘਾਂ ਦੀ ਗਿਣਤੀ ਡੇਢ ਹਜ਼ਾਰ ਦੇ ਕਰੀਬ ਸੀ। ਪਰ ਇਨ੍ਹਾਂ ਵਿਚੋਂ ਪੰਜ ਸੱਤ ਸੌ ਦੇ ਕਰੀਬ ਹੀ ਘੋੜ-ਸਵਾਰ ਸਨ, ਬਾਕੀ ਸਾਰੇ ਪੈਦਲ। ਜਦੋਂ ਸਤਿਗੁਰੂ ਜੀ ਨੇ ਵੇਖਿਆ ਕਿ ਸਾਹਮਣੇ ਸਰਸਾ ਵਿਚ ਹੜ੍ਹ ਠਾਠਾਂ ਮਾਰ ਰਿਹਾ ਹੈ, ਤੇ ਪਿਛੋਂ ਵੈਰੀ ਕਸਮਾਂ ਸੁਗੰਧਾਂ ਛਿੱਕੇ ਤੇ ਟੰਗ ਕੇ ਆ ਪਿਆ ਹੈ, ਤਾਂ ਉਹਨਾਂ ਪਰਵਾਰ ਅਤੇ ਪੈਦਲ ਵਹੀਰ ਨੂੰ ਪਾਰ ਲੰਘਣ ਦਾ ਸਮਾ ਦੇਣ ਲਈ ਘੋੜ-ਅਸਵਾਰਾਂ ਦੇ ਕੁਝ ਜਥੇ ਵੈਰੀ ਦੇ ਟਾਕਰੇ ਤੇ ਡਾਹ ਦਿੱਤੇ। ਹੜ੍ਹ ਦਾ ਵੇਗ ਬੇ-ਹੱਦ ਤ੍ਰਿਖਾ ਸੀ, ਅਨੇਕਾਂ ਸਿੰਘ ਮੌਤ ਦਾ ਸ਼ਿਕਾਰ ਹੋ ਗਏ। ਜਿਹੜੇ ਬਚੇ, ਉਹ ਭੀ ਵਹਿਣ ਦੇ ਨਾਲ ਰੁੜ੍ਹਦੇ ਕਈ ਮੀਲ ਹੇਠ-ਵਾਰ ਚਲੇ ਗਏ। ਪੋਹ ਦੇ ਦਿਨ, ਭਰ ਸਿਆਲ ਦੀ ਰੁੱਤ, ਉੱਤੋਂ ਵਰਖਾ, ਨਦੀ ਦਾ ਬਰਫ਼ ਵਰਗਾ ਠੰਢਾ-ਪਾਣੀ, ਇਹਨਾਂ ਨੇ ਸਰੀਰ ਸੁੰਨ ਕਰ ਦਿੱਤੇ ਹੋਏ ਸਨ। ਹੜ੍ਹ ਦੇ ਵੇਗ ਦਾ ਟਾਕਰਾ ਕਰਨ ਜੋਗੀ ਹਿੰਮਤ ਨਹੀਂ ਸੀ ਰਹੀ। ਉਤੋਂ ਪੋਹ ਦੀ ਸਿਆਲ ਲੰਮੀ ਰਾਤ ਦਾ ਖ਼ਤਰਾ ਭੀ ਸਿਰ ਤੇ ਆ ਰਿਹਾ ਸੀ। ਇਹ ਭੀ ਦਿੱਸ ਰਿਹਾ ਸੀ ਕਿ ਹੜ੍ਹ ਦੇ ਘਟਦਿਆਂ ਹੀ ਵੈਰੀ ਨੇ ਉਰਾਰ ਆ ਕੇ ਘੱਟ ਨਹੀਂ ਗੁਜ਼ਾਰਨੀ। ਇਹਨਾਂ ਸਾਰੀਆਂ ਮਜਬੂਰੀਆਂ ਕਰਕੇ ਉਹ ਆਪਣੇ ਗੁਰੂ ਪਾਤਿਸ਼ਾਹ ਅਤੇ ਹੋਰ ਸਾਥੀ ਸਿੰਘਾਂ ਨਾਲ ਆਪਣੀ ਕਿਸਮਤ ਨੂੰ ਜੋੜ ਨਾ ਸਕੇ। ਨਦੀ ਦੇ ਨਾਲ ਹੀ ਹੇਠ-ਵਾਰ ਨੂੰ ਜਿਧਰ ਜਾ ਸਕੇ, ਚਾਲੇ ਪਾ ਗਏ।

**ਰੋਪੜ ਲਾਗੇ ਝੜਪ**–ਰੋਪੜ ਸਰਸਾ ਤੋਂ ਤਕਰੀਬਨ ੧੧ ਮੀਲਾਂ ਤੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਸ ਵੇਲੇ ਸਿੰਘਾਂ ਸਮੇਤ ਰੋਪੜ ਦੇ ਪਾਸ ਪਹੁੰਚੇ,ਤਾਂ ਅਗੋਂ ਰੋਪੜੀਏ ਪਠਾਣ ਰਸਤਾ ਘੇਰ ਖਲੋਤੇ। ਦੋਹੀਂ ਧਿਰੀਂ ਤਲਵਾਰ ਚਲੀ। ਦੁ-ਪਾਸੀਂ ਕਈ ਮਾਰੇ ਗਏ ਅਤੇ ਕਈ ਫਟੜ ਹੋਏ।

ਪਠਾਣਾਂ ਦੇ ਮੂੰਹ ਭੰਨ ਕੇ ਸਤਿਗੁਰੂ ਜੀ ਬੂਰ-ਮਾਜਰੇ ਤੇ ਬਾਮਣ-ਮਾਜਰੇ ਦੇ ਕੋਲੋਂ ਦੀ ਹੁੰਦੇ ਹੋਏ, ਦਿਨ ਡੁੱਬਣ ਦੇ ਵੇਲੇ ਚਮਕੌਰ ਪਹੁੰਚ ਗਏ। ਚਮਕੌਰ ਰੋਪੜ ਤੋਂ ਲਹਿੰਦੇ ਪਾਸੇ ੧੫ ਕੁ ਮੀਲਾਂ ਦੀ ਵਿੱਥ ਤੇ ਹੈ। ਉਸ ਵੇਲੇ ਸਤਿਗੁਰੂ ਜੀ ਦੇ ਨਾਲ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਚਾਲੀ ਸਿੰਘ ਹੀ ਸਨ। ਉਸ ਦਿਨ ਪੋਹ ਦੀ ੭ ਤਰੀਕ ਸੀ।

www.AKJ.Org

# ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੰਟ, ਰੋਹਣੀ,'ਸੈਕਟਰ 14, ਦਿੱਲੀ-85]

ਜਿਸ ਧਰਤੀ ਤੇ ਪਿਆਰ ਪੁੰਗਰਿਆ ਸਿਮਿਆ ਜਿਥੋਂ ਸਰੂਰ । ਜਿਸ ਧਰਤੀ ਤੇ ਮਿਠੀਆਂ ਮਿਠੀਆਂ ਰਿਸ਼ਮਾਂ ਦਿਤਾ ਨੂਰ ।
ਜਿਸ ਧਰਤੀ ਤੇ ਰਹਿਮਤ ਰੱਬ ਦੀ ਗੂੜ੍ਹੀ ਛਹਿਬਰ ਲਾਈ । ਮੋਈ ਹੋਈ ਖ਼ਲਕਤ ਦੇ ਵਿਚ ਜੀਵਨ ਜੋਤਿ ਜਗਾਈ ।
ਜਿਸ ਧਰਤੀ ਤੇ ਲਾਲ ਤ੍ਰਿਪਤਾ ਛੇੜਿਆ ਰਾਗ ਇਲਾਹੀ । ਜਿਥੇ ਮੇਰੇ ਸਤਿਗੁਰ ਨਾਨਕ ਰੱਬੀ ਰੱਬਾਬ ਵਜਾਈ ।
ਉਹ ਧਰਤੀ ਖ਼ੂਨਾਂ ਵਿਚ ਰੰਗੀ ਚੁੱਪ ਪਈ ਸੁੰਨਸਾਨ । ਉਸ ਥਾਂ ਉਤੇ ਛੱਲਣੀ ਕੀਤਾ ਗੋਲੀਆਂ ਨੇ ਭਗਵਾਨ ।
ਮਹੰਤ ਨਰੈਣੂ ਦੀਆਂ ਚਾਲਾਂ ਪਾਇਆ ਐਸਾ ਘੇਰਾ । ਗੁਰੂ ਨਾਨਕ ਦਾ ਅਸਥਾਨ ਪਵਿੱਤਰ ਬਣਿਆ ਨਿਜੀ ਡੇਰਾ ।
ਨੱਚਣ ਰੰਡੀਆਂ ਹੋਵਣ ਮੁਜਰੇ ਵਿਚ ਪਰਕਰਮਾਂ ਸਾਰੇ । ਆਂਦੀਆਂ ਜਾਂਦੀਆਂ ਅਬਲਾਵਾਂ ਨੂੰ ਬੇਪਤ ਕਰਦੇ ਹਤਿਆਰੇ ।
ਸਿਖ ਗੁਰੂ ਦੇ ਤੜਪੇ ਡਾਢ ਚੜ੍ਹਿਆ ਰੋਹ ਬਹੂੰ ਭਾਰੀ । ਮਹੰਤ ਨਰੈਣੂ ਬਾਹਰ ਕਢਣ ਦੀ ਕਰਦੇ ਨਿਤ ਤਿਆਰੀ ।
ਭੂਤਰੇ ਭੂਤਰੇ ਰਹਿਣ ਪੁਜਾਰੀ, ਹਰ ਸਮੇਂ ਹਰ ਵੇਲੇ । ਘੂਰਨ ਕੇਸਾਂ ਵਾਲਿਆਂ ਤਾਈਂ ਕਢ ਕਢ ਕੈਰੇ ਡੇਲੇ ।
ਸ਼ਹਿ ਮਹੰਤ ਨੂੰ ਦੇਂਦੇ ਹੈਸਨ ਅਫਸਰ ਸਭ ਸਰਕਾਰੀ । ਇਸ ਲਈ ਗੁਰਦੁਆਰਿਆਂ ਅੰਦਰ ਜਾਰੀ ਸੀ ਬਦਕਾਰੀ ।
ਅਣਖੀ ਸਿਖ ਗੁਰੂ ਦੇ ਐਪਰ ਕਿਸ ਤਰ੍ਹਾਂ ਇਹ ਸਹਿੰਦੇ । ਅੰਗਰੇਜ਼ ਹਕੂਮਤ ਹੁੰਦਿਆਂ ਵੀ ਨ ਡਰਦੇ ਨ ਤ੍ਰਹਿੰਦੇ ।
ਨਾਲ ਪਿਆਰ ਮਹੰਤ ਦੇ ਤਾਈਂ ਕਹਿਆ ਤੇ ਸਮਝਾਇਆ : ਗੁਰਦਵਾਰੇ ਨੇ ਧਰਮ ਕਰਮ ਤੇ ਸ਼ਾਂਤੀ ਦਾ ਸਰਮਾਇਆ ।
ਪਰ ਮੂਰਖ ਦੇ ਕੰਨਾਂ ਉਤੇ ਜ਼ਰਾ ਵੀ ਜੂੰ ਨ ਸਰਕੀ । ਲਾਹ ਦਿਤੀ ਸਭ ਮੂੰਹ ਦੇ ਉਤੋਂ ਸ਼ਰਮ ਹੱਯਾ ਦੀ ਨਰਕੀ ।
ਰਖ ਲਏ ਨੌਕਰ ਗੁਰੁ-ਦਵਾਰੇ ਤਨਖਾਹ-ਦਾਰ ਸ਼ਰਾਬੀ । ਕੀਰਤਨ ਕੱਥਾ ਮੁਕਣ ਲਗੇ ਕਰ ਗਈ ਜ਼ੋਰ ਖ਼ਰਾਬੀ ।
ਰਾਂਝਾ ਰਿਹਾਣਾ, ਇਸਮਾਈਲਾ ਹੋਰ ਗੁੰਡੇ ਮੁਸ਼ਟੰਡੇ । ਚੁਣ ਚੁਣ ਕੇ ਸਨ ਨਾਲ ਆਪਣੇ ਮਹੰਤ ਨਰੈਣੂ ਗੰਢੇ ।
ਗੁੰਡਿਆਂ ਨੂੰ ਹਥਿਆਰ ਦੇਣ ਲਈ ਅੰਦਰ ਗੁਰੂਦਵਾਰੇ । ਕਰ ਦਿਤੀਆਂ ਸਨ ਚਾਲੂ ਭਠੀਆਂ ਨੀਚ ਪਾਪੀ ਹਤਿਆਰੇ ।
ਛਵ੍ਹੀਆਂ ਟਕੂਏ ਡਾਂਗ ਕੁਹਾੜੇ ਬਣਦੇ ਰਹੇ ਗੰਡਾਸੇ । ਪਸਤੌਲ ਬੰਦੂਕਾਂ ਅਸਲਾ ਭਾਰੀ ਪੱਥਰ ਸੋਟੇ ਖਾਸੇ ।
ਤੇਲ ਦੇ ਪੀਪੇ ਜੋੜ ਜੋੜ ਕੇ ਭਰ ਲਏ ਕੋਠੇ ਸਾਰੇ । ਫਾਟਕ ਨੂੰ ਮਜ਼ਬੂਤ ਕਰਾਇਆ ਲਾ ਕੇ ਲੋਹੇ ਭਾਰੇ ।
ਹੌਲੀ ਹੌਲੀ ਚਾਰ ਸੌ ਬੰਦੇ ਬਰਛੇ ਟਕੂਏ ਵਾਲੇ । ਜਨਮ-ਅਸਥਾਨ ਦੇ ਅੰਦਰ ਰਖੇ ਨਰੈਣੂ ਦਿਲ ਦੇ ਕਾਲੇ ।
ਪੰਥ ਦੇ ਅੰਦਰ ਪਈਆਂ ਫ਼ਿਕਰਾਂ, ਵਧਿਆ ਤੌਖਲਾ ਭਾਰੀ । ਹਾਲਤ ਗੁਰੂ-ਦਵਾਰੇ ਦੀ ਜਾਵੇ ਕਿਵੇਂ ਸੰਵਾਰੀ ।
ਅੰਦਰੋ ਅੰਦਰੀ ਮਹੰਤ ਹੋਇਆ ਸੀ ਡਾਢਾ ਹੀ ਬਦਨੀਤਾ । ਗਠਜੋੜ ਉਸ ਲਾਜਪਤ ਨਾਲ ਤੇ ਹੋਰਨਾਂ ਦੇ ਸੰਗ ਕੀਤਾ ।
ਅੰਤ ਹਾਰ ਕੇ ਪੰਥਕ ਮੁਖੀਆਂ ਕੌਮੀ ਲੀਡਰ ਸੱਦੇ । ਪੰਜ ਛੇ ਮਾਰਚ ਸੰਨ ਇਕੀ ਨੂੰ ਨਨਕਾਣੇ ਦੀ ਹਦੇ ।
ਖੁਫੀਆ ਖੁਫੀਆ ਅੰਦਰੋ ਅੰਦਰ ਮਹੰਤ ਸਕੀਮ ਬਣਾਈ । ਮੀਟਿੰਗ ਵਿਚ ਸਿਖ ਨੇਤਾਵਾਂ ਨੂੰ ਮਾਰ ਕੇ ਕਰੋ ਸਫ਼ਾਈ ।
ਵਰਿਆਮ ਸਿੰਘ ਸੀ ਕੋਲ ਮਹੰਤ ਦੇ ਆਂਦਾ ਭੋਜਿਆਂ ਵਾਲਾ।ਉਸਨੇ 'ਝੱਬਰ' ਤਾਈਂ ਪੁਚਾਇਆ ਮਹੰਤ ਦਾ ਇਹ ਕੁਚਾਲਾ ।
ਅਖਾਂ ਖੁਲ੍ਹੀਆਂ ਸਿਖਾਂ ਦੀਆਂ ਸੁਣ ਕੇ ਇਹ ਗੱਲ ਸਾਰੀ । ਝਬਰ, ਲਛਮਣ, ਟਹਿਲ ਸਿੰਘ, ਤੇਜਾ ਸਿੰਘ ਵੀਚਾਰੀ ।
ਲਛਮਣ ਸਿੰਘ ਤੇ ਟਹਿਲ ਸਿੰਘ ਸਨ ਉਨੀ ਫਰਵਰੀ ਚਲੇ । ਪਿੰਡਾਂ ਵਿਂ ਚੋਹੋਰ ਮਰਜੀਵੜੇ ਨਾਲ ਉਨ੍ਹਾਂ ਦੇ ਰਲੇ ।
ਸਾਰੇ ਜਥੇ ਪ੍ਰਣ ਸੀ ਕੀਤਾ ਵਾਹਿਗੁਰੂ ਫਤਹ ਗਜਾ ਕੇ । ਜਨਮ-ਅਸਥਾਨ ਆਜ਼ਾਦ ਕਰਾਣਾ ਆਪਣਾ ਆਪ ਲਗਾ ਕੇ ।
ਪੁਜ ਗਿਆ ਨਨਕਾਣੇ ਜੱਥਾ ਛੇ ਮੀਲ ਦੀ ਦੂਰੀ । ਕੋਟ ਦਰਬਾਰ ਦੀ ਜੂਹ ਚਿ ਲਈ ਲਛਮਣ ਸਿੰਘ ਮਨਜ਼ੂਰੀ ।
ਹੱਥ ਉਠਾਣਾ ਬਿਲਕੁਲ ਨਹੀਂ ਏ, ਸ਼ਾਂਤਮਈ ਹੈ ਰਹਿਣਾ । ਹਰ ਕਿਸਮ ਦਾ ਦੁਖ ਤਸੀਹਾ ਆਪਣੇ ਤਨ ਤੇ ਸਹਿਣਾ ।
ਜਨਮ-ਅਸਥਾਨ ਤੋਂ ਅੱਧ ਮੀਲ ਹੀ ਭਠਿਆਂ ਉਤੇ ਖਲੋ ਕੇ ਜਥੇਦਾਰ ਅਰਦਾਸਾ ਕੀਤਾ ਸੰਗਤ ਸਨਮੁਖ ਹੋ ਕੇ ।
ਹੇ ਗੁਰੂ ਨਾਨਕ ਸੋਹਣੇ ਸਾਈਂ ! ਮਿਹਰ ਕਰੀਂ ਤੂ ਪਿਆਰੇ । ਤੇਰੇ ਦਰ ਤੇ ਤੇਰੇ ਕੂਕਰ ਆਏ ਕਰਨ ਦੀਦਾਰੇ ।
ਲਹੂ ਆਪਣੇ ਦੇ ਨਾਲ ਧੋਵੀਏ, ਦੇ ਬੱਲ ਹਿੰਮਤ ਸਾਈਆਂ । ਜਿੰਦਾਂ ਲਗਣ ਦਰ ਤੇਰੇ ਤੇ ਹੋਵਣ ਸਫਲ ਕਮਾਈਆਂ ।
ਕਰ ਅਰਦਾਸਾ ਪਾਣ ਲਗਾਂ ਸੀ ਜੱਥਾ ਇਥੋਂ ਹੀ ਚਾਲੇ । ਚਿੱਠੀ ਲਛਮਣ ਸਿੰਘ ਨੂੰ ਮਿਲੀ ਰੁਕ ਜਾਏ ਜੱਥਾ ਹਾਲੇ ।



www.AKJ.Org

ਪਰ ਟਹਿਲ ਸਿੰਘ ਨੇ ਅਗੇ ਹੋ ਕੇ ਕਹਿਆ ਗੁਰੂ-ਸਵਾਰੇ। ਜਾਨਾਂ ਵਾਰ ਅਸਾਂ ਨੇ ਦੇਣੀਆਂ ਖ਼ਾਤਰ ਗੁਰੂਦਵਾਰੇ।
ਨਨਕਾਣਾ ਆਜ਼ਾਦ ਕਰਾਣਾ ਗੁਰੂ ਤੇ ਰਖ ਭਰਵਾਸਾ। ਗੁਰੂਦਵਾਰੇ ਜ਼ਰੂਰ ਹੈ ਪੁਜਣਾ, ਕੀਤਾ ਹੈ ਅਰਦਾਸਾ।
ਅਸਾਂ ਸ਼ਹੀਦੀ ਪਾਣੀ ਸਭ ਨੇ ਇਹ ਪੱਕੀ ਹੈ ਧਾਰੀ। ਲਾਜ ਅਸਾਡੀ ਆਪ ਰਖੇਗਾ ਗੁਰੂ ਨਾਨਕ ਨਿਰੰਕਾਰੀ।
ਮਹੰਤ ਨਰੈਣੂ ਲਾਹੌਰ ਜਾਂਦਾ ਵਾਪਿਸ ਆ ਗਿਆ ਸੁਣ ਕੇ। ਖ਼ਤਮ ਕਰੋ ਆਂਦੀ ਹੋਈ ਸੰਗਤ ਨਾਲ ਗੋਲੀਆਂ ਭੁੰਨ ਕੇ।
ਕਰ ਇਸ਼ਨਾਨ ਅਕਾਲੀ ਸਭੇ ਗੁਰੂ ਅਸਥਾਨ ਵਲ ਆਏ। ਪੌਣੇ ਛੇ ਤੇ ਛੇ ਵਿਚਾਲੇ ਦਰਸ਼ਨ ਅੰਦਰ ਪਾਏ।
ਚੌਖੰਡੀ, ਪ੍ਰਕਾਸ਼ ਅਸਥਾਨ ਤੇ ਸੰਗਤ ਬਹਿ ਗਈ ਸਾਰੀ। ਧੁੰਨ ਗੁਰੂ ਨਾਨਕ ਵਾਲੀ ਲਾ ਕੇ ਕੀਰਤਨ ਹੋਇਆ ਜਾਰੀ।
ਤਾਬੇ ਬੈਠਾ ਲਛਮਣ ਸੀ ਪਿਆ ਚੌਰ ਝੁਲਾਵੇ। ਦਖਣ ਦੀ ਗੁਠ ਵਿਚੋਂ ਤਕਿਆ ਗੋਲੀਆਂ ਦਾ ਮੀਂਹ ਆਵੇ।
ਨਾਲ ਗੋਲੀਆਂ ਮਾਰ ਦਿਤੇ ਗਏ ਬਾਹਰ ਬੈਠੇ ਸਾਰੇ। ਉਤਰ ਛੱਤਾਂ ਤੋਂ ਬਦਮਾਸ਼ਾਂ ਨੇ ਨਾਲ ਗੰਡਾਸਿਆਂ ਮਾਰੇ।
ਚੌਖੰਡੀ ਦੀ ਪਛਮੀ ਬਾਹੀਓਂ ਗੋਲੀ ਇਉਂ ਭਰ ਆਈ, ਕਿ ਅੰਦਰ ਬੈਠੇ ਕੁਲ ਸਿੰਘਾਂ ਨੇ ਸ਼ਾਂਤ-ਸ਼ਹੀਦੀ ਪਾਈ।
ਗੁਰੂ ਗ੍ਰੰਥ ਦੀ ਦੇਹ ਪਵਿਤ੍ਰ ਤੇ ਵੀ ਗੋਲੀਆਂ ਵਸੀਆਂ। ਅੰਦਰ ਸਾਹਵੇਂ ਦੀਵਾਰਾਂ ਤੇ ਠਾਹ ਠਾਹ ਕਰਕੇ ਧਸੀਆਂ।
ਫਟੜ ਤੇ ਸ਼ਹੀਦ ਸਿੰਘਾਂ ਦੇ ਲਹੂ ਭਰੇ ਪਰਨਾਲੇ। ਪ੍ਰਕਾਸ਼-ਅਸਥਾਨ ਤੋਂ ਬਾਹਰ ਵਲ ਵੱਗ ਪਏ ਹੜਵਾਲੇ।
ਗੋਲੀਆਂ ਦੀਆਂ ਅਵਾਜ਼ਾਂ ਸੁਣੀਆਂ ਜਾਵਨ ਬਾਹਰ ਭਾਰੀ। ਦਲੀਪ ਸਿੰਘ ਵਰਿਆਮ ਸਿੰਘ ਵੀ ਪੁਜ ਗਏ ਮਾਰ ਉਡਾਰੀ।
ਮਹੰਤ ਨਰੈਣੂ ਦਲੀਪ ਸਿੰਘ ਹੁਰਾਂ ਨੂੰ ਚੰਗੀ ਤਰ੍ਹਾਂ ਜਾਣੇ। ਪਰ ਦੋਵੇਂ ਹੀ ਨਾਲ ਗੋਲੀਆਂ ਭੁੰਨੇ ਵਾਂਗੂ ਦਾਣੇ।
ਫਟੜ ਜੋ ਚੌਖੰਡੀ ਪਏ ਸੀ ਕੀਤੇ ਟੋਟੇ ਟੋਟੇ। ਕਮਰਿਆਂ ਵਿਚੋਂ ਕਢ ਕਢ ਕੇ ਟੁਕੇ ਪੋਟੇ ਪੋਟੇ।
ਇਸ ਤੋਂ ਪਿਛੋਂ ਗੇਟ ਖੋਲ੍ਹ ਕੇ ਨਿਕਲੇ ਬਾਹਰ ਮੁਸ਼ਟੰਡੇ। ਕਟੀ ਜਾਵਣ ਸਿੰਘਾਂ ਤਾਈਂ ਜਿਉਂ ਗੰਨੇ ਤੇ ਗੰਢੇ।
ਖੇਤਾਂ ਵਿਚੋਂ ਕੇਸਾਂ ਵਾਲੇ ਢੂੰਡ ਢੂੰਡ ਕੇ ਮਾਰੇ। ਤੇਲ ਮਿੱਟੀ ਦਾ ਪਾ ਪਾ ਕੇ ਸੜੀ ਜਾਣ ਹਤਿਆਰੇ।
ਲਛਮਣ ਸਿੰਘ ਨੂੰ ਸਾੜਿਆ ਗਿਆ ਬੰਨ੍ਹ ਕੇ ਜੰਡ ਦੇ ਨਾਲੇ। ਚੁਣ ਚੁਣ ਕੇ ਸ਼ਹੀਦ ਹੋਏ ਸੀ ਚੁਕ ਭੱਠੀਆਂ ਵਿਚ ਬਾਲੇ।
ਸ਼ਮਸ਼ਾਨ ਭੂਮੀ ਸੀ ਬਣਿਆ ਹੋਇਆ ਸੋਹਣਾ ਗੁਰਦਵਾਰਾ। ਕੇਸਾਂ ਕੰਘਿਆਂ ਦਾ ਸੀ ਪਿਆ ਥਾਂ ਥਾਂ ਤੇ ਖਿਲਾਰਾ।
ਵੀਹ ਫਰਵਰੀ ਗਿਆਰਾਂ ਵਜੇ ਅੰਦਰ ਚੂਹੜਕਾਣੇ। ਖ਼ਬਰਾਂ ਪੁਜੀਆਂ, ਹੋਇਆ ਏ ਸਾਕਾ ਅੱਜ ਨਨਕਾਣੇ।
ਸੁਣ ਕੇ ਇਹ ਕਰਤਾਰ ਸਿੰਘ ਝੱਬਰ ਛਡ ਦਿਤੇ ਜੈਕਾਰੇ। ਚਲੋ ਬੰਨ੍ਹ ਕਫ਼ਨ ਸਿਰਾਂ ਤੇ ਨਾਨਕ ਦੇ ਦੁਆਰੇ।
ਪਾਉਣ ਸ਼ਹੀਦੀਆਂ ਤੁਰ ਪਏ ਉਠ ਕੇ ਚਾਵਾਂ ਦੇ ਵਿਚ ਜਥੇ। ਬਾਣੀ ਪੜ੍ਹਦੇ ਸ਼ੌਕ ਸ਼ਹੀਦੀ ਨੈਣ ਚਮਕਦੇ ਮੱਥੇ।
ਨਾ ਕੋਈ ਡਰ ਨਾ ਰੋਕ ਮਨਾਂ ਵਿਚ ਮਸ਼ੀਨਗਨਾਂ ਦਾ ਜ਼ਰਾ। ਕਰ ਅਰਦਾਸ ਪੁਜੇ ਨਨਕਾਣੇ ਉਡ ਹਵਾ ਦੀ ਤਰ੍ਹਾਂ।
ਕਿੰਗ ਕਮਿਸ਼ਨਰ ਪੁਲਸ ਜਨਰਲ ਡੀ.ਸੀ. ਰਾਹ ਵਿਚ ਆਕੇ। ਮਤਾਬ ਸਿੰਘ ਹਰਬੰਸ ਅਟਾਰੀ ਜੋਧ ਸਿੰਘ ਨਾਲ ਲਿਆਕੇ।
ਜਥੇ ਤਾਈਂ ਰੋਕ ਕੇ ਕਹਿਆ ਅਗੇ ਮਸ਼ੀਨਾਂ ਗੱਡੀਆਂ। ਅਗੋਂ ਗਜ 'ਝੱਬਰ' ਨੇ ਕਹਿਆ ਸਾਡੀਆਂ ਕਿਸਮਤਾਂ ਵਡੀਆਂ।
ਸਾਨੂੰ ਨਹੀਂ ਪਰਵਾਹ ਮੌਤ ਦੀ, ਨਾ ਡਰ ਤੇਰਾ ਭੋਰਾ। ਜਨਮ-ਅਸਥਾਨ ਅਜ਼ਾਦ ਹੋਇਗਾ ਚੁਕ ਲਉ ਬਿਸ਼ਤਰਾ ਬੋਰਾ।
ਸਿੰਘ ਸ਼ਹੀਦੀਆਂ ਪਾਉਣ ਆਏ ਸਮਝੋ ਵਕਤ ਹੈ ਹਾਲੇ। ਇਤਨੇ ਵਿਚ ਸਿੰਘ ਜਵਾਨਾਂ ਚੁਕ ਹਥਿਆਰ ਸੰਭਾਲੇ।
ਤਾਂ ਡੀ.ਸੀ. ਨੇ ਹੋ ਕੇ ਅਗੇ ਕਰਕੇ ਕਾਹਲੀ ਕਾਹਲੀ। ਕਲਗੀਧਰ ਦੇ ਸ਼ੇਰੋ ਸਦਕੇ ਤੁਹਾਡੀ ਬਾਤ ਨਿਰਾਲੀ।
ਚਾਬੀਆਂ ਦਿਤੀਆਂ ਫੌਜ ਉਠਾਈ ਰਾਹ ਕਰ ਦਿਤੇ ਖਾਲੀ। ਛੱਡ ਜੈਕਾਰੇ ਗੁਰੂਦਵਾਰੇ ਪੁਜ ਪਏ ਬੀਰ ਅਕਾਲੀ।
ਹਰ ਪਾਸੇ ਤੋਂ ਉਠ ਕੇ ਤੁਰ ਪਏ ਜਥਿਆਂ ਦੇ ਹੀ ਜਥੇ। ਖਾਕ ਸ਼ਹੀਦਾਂ ਦੀ ਪਏ ਚੁੰਮਣ ਚੁੰਮ ਚੁੰਮ ਲਾਵਣ ਮਥੇ।
ਸ਼ਰਧਾ ਤੇ ਸਤਿਕਾਰ ਦੇ ਅੰਦਰ ਗਾਵਣ ਝੂਮ ਤਰਾਨੇ। ਇਹ ਕੁਰਬਾਨੀ 'ਨੀਰ' ਅਦੁਤੀ ਚਮਕੇ ਚੌਹੀਂ ਜਹਾਨੇ।

## ਕੈਪਟਿਨ ਸਵਰਨ ਸਿੰਘ ਜੀ ਨੂੰ ਮਾਤਾ ਜੀ ਦਾ ਵਿਛੋੜਾ

ਸਿਖ ਇਤਿਹਾਸ ਦੇ ਗੁਝੇ ਰਤਨ ਕੈਪਟਿਨ ਸਵਰਨ ਸਿੰਘ ਜੀ ਦੇ ਪਿਆਰੇ ਮਾਤਾ ਜੀ ਅਚਣਚੇਤ ਵਿਛੋੜਾ ਦੇ ਗਏ, ਜਿਸ ਨਾਲ ਉਨ੍ਹਾਂ ਨੂੰ ਅਸਹਿ ਸਦਮਾ ਹੋਇਆ ਹੈ। ਉਹ ਵਿਛੜ ਗਈ ਜਨਣੀ ਧੰਨ ਹੈ ਜਿਸ ਨੇ ਇਹੋ ਜਿਹੇ ਗੁਰਸਿਖ ਨੂੰ ਜਨਮ ਦਿਤਾ ਹੈ ਜੋ ਸਿਖ ਇਤਿਹਾਸ ਨੂੰ ਨਿਤਾਰ ਕੇ, ਸਿੱਖੀ ਦਾ ਉਚਾ ਸੁਚਾ ਆਚਰਨ ਪੇਸ਼ ਕਰ ਰਿਹਾ ਹੈ। ਸਤਿਗੁਰੂ ਪਾਸ ਵਿਛੜੀ ਆਤਮਾ ਲਈ ਅਰਦਾਸ ਹੈ—ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੫)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

**ਸਢੌਰੇ ਤੇ ਲੋਹਗੜ੍ਹ ਦੇ ਘੇਰੇ -**

ਬੰਦਾ ਸਿੰਘ ਦਾ ਫੁਰਨਾ ਸੀ ਕਿ ਲੋਹਗੜ੍ਹ ਦੀ ਸੁਰੱਖਿਆ ਲਈ ਜ਼ਰੂਰੀ ਹੈ ਕਿ ਸਢੌਰੇ ਲਾਗੇ ਇਕ ਮਜ਼ਬੂਤ ਕਿਲ੍ਹਾ ਉਸਾਰਿਆ ਜਾਵੇ, ਜੋ ਸ਼ਾਹੀ ਫ਼ੌਜਾਂ ਨੂੰ ਏਥੇ ਹੀ ਰੋਕੇ ਤੇ ਲੋਹਗੜ੍ਹ ਲੜਾਈ ਦੀ ਮਾਰ ਤੋਂ ਬਚਿਆ ਰਹੇ। ਲੋਹਗੜ੍ਹ ਦੀ ਮੁਰੰਮਤ ਹੋ ਕੇ ਯਥਾ ਯੋਗ ਪਕਿਆਈ ਹੋ ਚੁਕੀ ਸੀ। ਸਮਾਂ ਵੀ ਬੰਦਾ ਸਿੰਘ ਨੂੰ ਮਿਲ ਚੁਕਾ ਸੀ, ਕਿਉਂਕਿ ਜਹਾਨਦਾਰ ਸ਼ਾਹ ਵਧਦੇ ਆਉਂਦੇ ਫ਼ਰਖ਼ਸੀਅਰ ਨੂੰ ਰੋਕਣ ਲਈ ਆਗਰੇ ਵਲ ਗਿਆ ਹੋਇਆ ਸੀ। ਦਿਲੀ ਦਰਬਾਰ ਦੀ ਔਕੜ ਸਿੰਘਾਂ ਲਈ ਸੁਖ ਦਾ ਸਾਹ ਹੋਇਆ ਕਰਦੀ ਸੀ। ਜਿਨਾਂ ਸਮਾਂ ਜਹਾਨਦਾਰ ਸ਼ਾਹ ਤੇ ਫ਼ਰਖ਼ਸੀਅਰ ਦੋਵੇਂ ਚਾਚਾ ਭਤੀਜਾ ਆਪਸ ਵਿਚ ਉਲਝੇ ਰਹੇ, ਸਿੰਘਾਂ ਨੂੰ ਸੋਹਣਾ ਸਮਾਂ ਮਿਲ ਗਿਆ। ਬੰਦਾ ਸਿੰਘ ਨੇ ਸਢੌਰੇ ਦੇ ਲਾਗੇ ਇਕ ਚੋਖਾ ਮਜ਼ਬੂਤ ਗੜ੍ਹ ਉਸਾਰ ਲਿਆ। ਲੜਾਈ ਵਿਚ ਜਹਾਨਦਾਰ ਸ਼ਾਹ ਨੂੰ ਹਾਰ ਹੋਈ ਤੇ ਫੜਿਆ ਗਿਆ, ਜਿਸਨੂੰ ਫ਼ਰਖ਼ਸੀਅਰ ਨੇ ਪਿਛੋਂ ਕਤਲ ਕਰਵਾ ਦਿਤਾ ਤੇ ਆਪ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ।

ਫ਼ਰਖ਼ਸੀਅਰ ਦਾ ਰਾਜ ਬੇਸ਼ੁਮਾਰ ਕਤਲਾਂ ਤੇ ਅਤਿ ਭਿਆਨਕ ਕਾਲ (ਮੰਦੀ) ਨਾਲ ਆਰੰਭ ਹੋਇਆ। ਲੋਕ ਅੰਨ-ਦਾਣੇ ਖੁਣੋਂ ਮੱਖੀਆਂ ਵਾਂਗ ਮਰਨ ਲਗੇ। ਭੁਖ ਤੇ ਬੀਮਾਰੀ ਨਾਲ ਬਹੁਤ ਸਾਰੇ ਲੋਕ ਦਮ ਤੋੜ ਗਏ। ਮੁਕਦੀ ਗੱਲ, ਫ਼ਰਖ਼ਸੀਅਰ ਦੇ ਤਖ਼ਤ ਤੇ ਬੈਠਦਿਆਂ ਹੀ ਮੁਲਕ ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ। ਹਕੂਮਤ ਦੇ ਕਾਰ ਵਿਹਾਰ ਵਿਚ ਅਫਰਾ ਤਫਰੀ ਮੱਚੀ ਹੋਈ ਸੀ।

ਇਹ ਅਫਰਾ ਤਫਰੀ ਦਾ ਸਮਾਂ ਸਿੰਘਾਂ ਲਈ ਗ਼ਨੀਮਤ ਸੀ। ਸੋ ਸਢੌਰੇ ਵਿਚ ਕਿਲ੍ਹਾ ਬਣਾ ਕੇ ਬੰਦਾ ਸਿੰਘ ਨੇ ਦਾਰੂ-ਸਿੱਕੇ ਤੇ ਰਸਦ-ਪੱਠੇ ਨਾਲ ਉਸ ਨੂੰ ਖ਼ੂਬ ਭਰ ਲਿਆ। ਸ਼ਾਹੀ ਫ਼ੌਜ ਲਈ, ਭਾਵੇਂ ਕਿੰਨੀ ਵੀ ਗਿਣਤੀ ਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਬੰਦਾ ਸਿੰਘ ਦੇ ਵਿਰੁਧ ਚੜ੍ਹ ਕੇ ਆਵੇ, ਉਸ ਲਈ ਪੋਲੇ ਪੈਰੀਂ ਮੁਖ਼ਲਸ ਗੜ੍ਹ ਤੱਕ ਅੱਪੜ ਜਾਣਾ ਬਹੁਤ ਕਠਨ ਹੋ ਗਿਆ ਸੀ।

ਜਹਾਨਦਾਰ ਸ਼ਾਹ ਦੇ ਤਖ਼ਤ ਤੇ ਬੈਠਣ ਤੋਂ ਫ਼ੌਰਨ ਬਾਅਦ ਮੁਹੰਮਦ ਅਮੀਨ ਖ਼ਾਨ ਨੂੰ ਹੁਕਮ ਦੇ ਕੇ ਤੋਰਿਆ ਗਿਆ ਸੀ ਕਿ ਉਹ ਬੰਦਾ ਸਿੰਘ ਦੇ ਵਿਰੁਧ ਮੁਹਿੰਮ ਚਾਲੂ ਰਖੇ ਤੇ ਜਿਵੇਂ ਵੀ ਹੋ ਸਕਦੈ, ਇਸ ਬਾਗ਼ੀ ਨੂੰ ਮਾਰ ਮੁਕਾਏ ਜਾਂ ਜੀਉਂਦਾ ਫੜ ਕੇ ਬਾਦਸ਼ਾਹ ਦੇ ਪੇਸ਼ ਕਰੇ। ਜ਼ੈਨੁੱਦੀਨ ਅਹਿਮਦ ਖ਼ਾਨ ਜੋ ਸਰਹੰਦ ਦੇ ਚਕਲੇ ਦਾ ਫ਼ੌਜਦਾਰ ਸੀ, ਉਸ ਨੂੰ ਵੀ ਮੁਹੰਮਦ ਅਮੀਨ ਖ਼ਾਨ ਦੀ ਕਮਾਨ ਥਲੇ, ਉਸ ਦੇ ਨਾਲ ਜਾ ਮਿਲਣ ਦਾ ਹੁਕਮ ਮਿਲਿਆ। ਦਿਲੀ ਤੋਂ ਜਿੰਨੀ ਵੀ ਨਫ਼ਰੀ ਮਿਲ ਸਕੀ, ਸਭ ਇਸ ਪਾਸੇ ਝੋਕ ਦਿਤੀ ਗਈ। ਲਾਹੌਰ ਦੀ ਫ਼ੌਜ ਵੀ ਹੁਕਮ ਮਿਲਦਿਆਂ ਸਾਰ ਮਾਰੋ ਮਾਰ ਕਰਦੀ ਮੁਹੰਮਦ ਅਮੀਨ ਖਾਨ ਪਾਸ ਸਢੌਰੇ ਪੁਜ ਗਈ। ਇਸ ਮਿਲਵੀਂ ਫ਼ੌਜ ਨੇ ਸਿੱਖਾਂ ਨੂੰ ਸਢੌਰੇ ਘੇਰ ਲਿਆ। ਸਿਖ ਵੀ ਅਗੋਂ ਜੀਅ ਤੋੜ ਕੇ ਲੜੇ ਅਤੇ ਮੁਹੰਮਦ ਅਮੀਨ ਖਾਨ ਦੇ ਸਾਰੇ ਹੱਲੇ ਅਸਫਲ ਬਣਾ ਦਿਤੇ। ਆਖਰ ਦਸੰਬਰ ੧੭੧੨ ਈ: ਨੂੰ ਮੁਹੰਮਦ ਅਮੀਨ ਖ਼ਾਨ ਸ਼ਾਹੀ ਹੁਕਮ ਪਾ ਕੇ ਫ਼ਰਖ਼ਸੀਅਰ ਦੇ ਵਿਰੁਧ ਮੁਹਿੰਮ ਵਿਚ ਸ਼ਾਮਲ ਹੋਣ ਲਈ ਆਗਰੇ ਵੱਲ ਚਲਿਆ ਗਿਆ। ਜ਼ੈਨੁੱਦੀਨ ਅਹਿਮਦ ਖ਼ਾਨ ਨੂੰ ਸਿੱਖਾਂ ਵਿਰੁਧ ਲੜਾਈ ਜਾਰੀ ਰਖਣ ਲਈ ਸਢੌਰੇ ਹੀ ਰਹਿਣ ਦਿਤਾ ਗਿਆ। ਇਸ ਫ਼ੌਜਦਾਰ ਨੇ ਆਪਣੀ ਯੋਗਤਾ ਅਨੁਸਾਰ ਸਿੱਖਾਂ ਵਿਰੁੱਧ ਆਪਣੀ ਕੋਸ਼ਿਸ਼ ਖ਼ੂਬ ਤੇਜ਼ ਕੀਤੀ। ਅਗੋਂ ਸਿਖ ਵੀ ਬੜੀ ਤੁੰਦੀ ਨਾਲ ਲੜੇ ਤੇ ਜ਼ੈਨੁੱਦੀਨ ਅਹਿਮਦ ਖ਼ਾਨ ਦੇ ਹਲਿਆਂ ਨੂੰ ਹਰ ਵਾਰ ਪਿਛੇ ਮੋੜਦੇ ਰਹੇ। ਉਸ ਦੇ ਸਾਰੇ ਯਤਨਾਂ ਨੂੰ ਨਿਸਫਲ ਕਰ ਕੇ ਰਖ ਦਿਤਾ।

ਸਢੌਰੇ ਦੀ ਗੜ੍ਹੀ ਅੰਦਰ ਬੈਠੇ ਸਿੰਘਾਂ ਦਾ ਜੰਗ ਲਈ ਜੋਸ਼ ਤੇ ਆਪਣੇ ਨਾਲੋਂ ਗਿਣਤੀ ਵਿਚ ਕਈ ਗੁਣਾ ਵਧ ਤੇ ਵਧੀਆ ਹਥਿਆਰਾਂ ਨਾਲ ਲੈਸ ਦੁਸ਼ਮਣ ਨਾਲ ਟਾਕਰੇ ਲਈ ਦਲੇਰੀ, ਜੁਰਅਤ ਤੇ ਹਿੰਮਤ ਬੜੀ ਪ੍ਰਸੰਸਾ-ਯੋਗ



www.AKJ.Org

ਸੀ। ਲਾਹੌਰੋਂ ਹੋਰ ਸੱਜਰ-ਸਾਹ ਫ਼ੌਜਾਂ ਪਹੁੰਚ ਰਹੀਆਂ ਸਨ। ਆਗਰੇ ਵਲ ਜਾਣ ਤੋਂ ਪਹਿਲਾਂ ਸਢੌਰੇ ਨੂੰ ਘੇਰਾ ਘਤਣ ਵਾਲੇ ਕਮਾਂਡਰ ਮੁਹੰਮਦ ਅਮੀਨ ਖ਼ਾਨ ਨੇ ਬਾਦਸ਼ਾਹ ਪਾਸੋਂ ਜੋ ਤੋਪਾਂ ਮੰਗੀਆਂ ਸਨ, ਉਹ ਵੀ ਪਹੁੰਚ ਗਈਆਂ ਸਨ। ਜ਼ੈਨੁੱਦੀਨ ਦੇ ਲਸ਼ਕਰ ਵਿਚ ਭਾਰੀ ਤੇ ਉਚੀ ਆਵਾਜ਼ ਵਾਲੇ ਬੰਦੇ ਜਦ ਕਿਲ੍ਹੇ ਦੇ ਨਜ਼ਦੀਕ ਹੋ ਕੇ ਆਪਣੇ ਕਮਾਂਡਰ ਦਾ ਕੌਲ ਪੁਕਾਰ ਕੇ ਸੁਣਾਂਦੇ ਕਿ ਸਿੰਘ ਲੜਨ ਦੀ ਬਜਾਏ ਹਥਿਆਰ ਰਖ ਕੇ ਬਾਹਰ ਆ ਜਾਣ ਤੇ ਸੁਲ੍ਹਾ ਕਰ ਲੈਣ, ਉਨ੍ਹਾਂ ਨੂੰ ਮੂੰਹ-ਮੰਗੀਆਂ ਜਗੀਰਾਂ ਦਿਤੀਆਂ ਜਾਣਗੀਆਂ ਤਾਂ ਸਿੰਘ ਇਨ੍ਹਾਂ ਫ਼ਰੇਬ-ਭਰੀਆਂ ਲਿਲ੍ਹਕਣੀਆਂ ਦਾ ਗੋਲੀਆਂ ਨਾਲ ਜੁਆਬ ਦੇਂਦੇ। ਉਹ ਏਨੇ ਰੋਹ ਵਿਚ ਸਨ ਕਿ ਮੌਸਮ ਦੀ ਵੀ ਨਾ ਪਰਵਾਹ ਕਰਦੇ ਹੋਏ ਤੇ ਲੰਗਰ ਤਿਆਰ ਕਰਨ ਤੇ ਛਕਣ ਵੇਲੇ ਵੀ ਬਾਹਰ ਘੇਰਾ ਪਾਈ ਦੁਸ਼ਮਣ ਤੇ ਗੋਲੀਆਂ ਦੀ ਬੁਛਾੜ ਕਰਦੇ ਰਹਿੰਦੇ।

ਜ਼ੈਨੁੱਦੀਨ ਅਹਿਮਦ ਖ਼ਾਨ ਨੇ ਜਦ ਵੇਖਿਆ ਕਿ ਉਸ ਦੀਆਂ ਤੋਪਾਂ ਦੀ ਗੋਲਾ ਬਾਰੀ ਦਾ ਸਿੰਘਾਂ ਦੀ ਗੜ੍ਹੀ ਉਤੇ ਖ਼ਾਤਰ-ਖ਼ਾਹ ਅਸਰ ਨਹੀਂ ਹੋ ਰਿਹਾ ਤਾਂ ਉਸ ਨੇ ਆਪਣੇ ਮੋਰਚੇ ਹੋਰ ਅਗੇ ਵਧਾ ਲਏ ਤੇ ਗੜ੍ਹੀ ਤੋਂ ੪੦-੫੦ ਗਜ਼ ਦੀ ਵਿਥ ਤੇ ਜਾ ਪਹੁੰਚਾ ਤੇ ਮੋਰਚੇ ਕਾਇਮ ਕਰ ਲਏ। ਇਥੇ ਉਸ ਨੇ ਇਕ ਉਚਾ ਸਾਰਾ ਥੜਾ ਬਣਾ, ਉਤੋਂ ਪੱਕਾ ਕਰਕੇ ਇਕ ਵੱਡੀ ਤੋਪ ਲਿਆ ਬੀੜੀ ਤੇ ਗੜ੍ਹੀ ਉਤੇ ਅੱਗ ਵਰ੍ਹਾਉਣੀ ਆਰੰਭ ਦਿਤੀ।

**ਸਿੰਘ ਤੋਪ ਹੀ ਧੂ ਕੇ ਲੈ ਤੁਰੇ—**

ਜ਼ੈਨੁੱਦੀਨ ਅਹਿਮਦ ਖ਼ਾਨ ਦੀ ਇਹ ਜ਼ਬਰਦਸਤ ਤੋਪ, ਜੋ ਲਗਾਤਾਰ ਗੋਲੇ ਵਰ੍ਹਾਈ ਜਾਂਦੀ ਸੀ, ਵੀ ਸਿੰਘਾਂ ਦਾ ਬਹੁਤਾ ਨੁਕਸਾਨ ਨਹੀਂ ਸੀ ਕਰ ਰਹੀ ਤਾਂ ਵੀ ਸਿੰਘਾਂ ਦਲੇਰੀ, ਹੁਸ਼ਿਆਰੀ ਤੇ ਅਥਾਹ ਹਿੰਮਤ ਦਾ ਰੁਅਬ ਤੇ ਜਲਵਾ ਦੁਸ਼ਮਣ ਨੂੰ ਵਿਖਾਉਣ ਲਈ ਇਸ ਤੋਪ ਨੂੰ ਇਸ ਦੇ ਟਿਕਾਣੇ ਤੋਂ ਇਸ ਤਰ੍ਹਾਂ ਖਿਸਕਾ ਲਿਜਾਣ ਦਾ ਇਰਾਦਾ ਕਰ ਲਿਆ ਕਿ ਕਿਸੇ ਨੂੰ ਨਾ ਤਾਂ ਆਵਾਜ਼ ਹੀ ਸੁਣੇ ਤੇ ਨਾ ਪਤਾ ਹੀ ਲਗੇ ਕਿ ਤੋਪ ਕਿਵੇਂ ਤੇ ਕਿਧਰ ਲੈ ਗਏ ਹਨ। ਭਾਵੇਂ ਸਿੰਘਾਂ ਨੂੰ ਇਹ ਤੋਪ ਲੈ ਜਾਣ ਦਾ ਕੋਈ ਲਾਭ ਨਹੀਂ ਸੀ, ਕਿਉਂਕਿ ਇਸ ਤੋਪ ਦਾ ਢਿਡ ਭਰਨ ਲਈ ਉਨ੍ਹਾਂ ਪਾਸ ਦਾਰੂ-ਸਿੱਕਾ ਹੀ ਨਹੀਂ ਸੀ। ਪਰ ਉਹ ਮੁਗ਼ਲ ਫ਼ੌਜਦਾਰ ਤੇ ਉਸ ਦੇ ਸੂਰਬੀਰਾਂ ਨੂੰ ਦਸਣਾ ਚਾਹੁੰਦੇ ਸਨ ਕਿ ਤੁਹਾਡੇ ਏਡੇ ਵਡੇ ਲਸ਼ਕਰ ਤੇ ਤੁਹਾਡੀਆਂ ਤੋਪਾਂ ਨੂੰ ਅਸੀਂ ਟਿਚ ਸਮਝਦੇ ਹਾਂ। ਇਹ ਬੜਾ ਖ਼ਤਰਨਾਕ ਤੇ ਮਹਿੰਗਾ ਪੈ ਜਾਣ ਵਾਲਾ ਮਖ਼ੌਲ ਸੀ। ਪਰ ਸਿੰਘਾਂ ਦੀ ਖੋਅ ਹੈ ਕਿ ਯੁਧ ਵਿਚ ਵਧ ਤੋਂ ਵਧ ਜਾਨ-ਜੋਖਮ ਵਾਲਾ ਕੰਮ ਉਨ੍ਹਾਂ ਦੀ ਸਭ ਤੋਂ ਪਿਆਰੀ ਤੇ ਮਨ-ਭਾਉਂਦੀ ਖੇਡ ਹੈ। ਮੌਤ ਦੇ ਭਰਪੂਰ ਖਤਰੇ ਵਾਲੇ ਕਾਰੇ ਚੋਂ ਉਹ ਡਾਢਾ ਅਨੰਦ ਮਾਣਦੇ ਹਨ। ਬਸ ਇਹ ਸੋਚਣ ਦੀ ਦੇਰ ਸੀ ਕਿ ਝਟ ਵਿਉਂਤ ਬਣ ਗਈ। ਗੜ੍ਹੀ ਦੇ ਅੰਦਰੋਂ ਅੰਦਰ ਸੁਰਗ ਪੁਟ ਕੇ ਉਸ ਥਾਂ ਤੱਕ ਲੈ ਗਏ, ਜਿਥੇ ਤੋਪ ਬੀੜੀ ਹੋਈ ਸੀ। ਤੋਪ ਨੂੰ ਧੂਣ ਲਈ ਬਲਦਾਂ ਦੀਆਂ ਜੋਗਾਂ ਤੇ ਮਜ਼ਬੂਤ ਰੱਸੇ ਤਿਆਰ ਕਰ ਲਏ। ਇਹ ਵਰਖਾ ਦੇ ਦਿਨ ਸਨ। ਇਕ ਅਤੀ ਅੰਨ੍ਹੇਰੀ ਰਾਤ ਨੂੰ ਜਦ ਕਿ ਮੀਂਹ ਬੜੇ ਜ਼ੋਰ ਦਾ ਵਰ੍ਹ ਰਿਹਾ ਸੀ ਅਤੇ ਉਸ ਦੀ ਸ਼ੂਕ ਕਾਰਨ ਕਿਸੇ ਨੂੰ ਸੁਣ ਵੀ ਕੁਛ ਨਹੀਂ ਸੀ ਰਿਹਾ, ਅੰਨ੍ਹੇਰੇ ਵਿਚ ਹੱਥ ਪਸਾਰਿਆ ਵੀ ਨਹੀਂ ਸੀ ਦਿਸ ਰਿਹਾ, ਘੇਰਾ ਪਾਉਣ ਵਾਲੀ ਬਾਹਰਲੀ ਮੁਗ਼ਲ ਸੈਨਾ ਦੇ ਯੋਧੇ ਥਾਉਂ ਥਾਈਂ ਦੜੇ ਪਏ ਸਨ, ਸਿਰ ਕੱਢ ਕੇ ਬਾਹਰ ਵੇਖਣ ਦਾ ਕਿਸੇ ਨੂੰ ਹੀਆ ਨਹੀਂ ਸੀ ਪੈ ਰਿਹਾ, ਉਸ ਸਮੇਂ ਸਿੰਘਾਂ ਨੇ ਉਸ ਤੋਪ ਨੂੰ ਖਿਸਕਾ ਕੇ ਗੜ੍ਹੀ ਵਲ ਧੂ ਲਿਆਉਣ ਲਈ ਇਕ ਬੜਾ ਯੋਗ ਮੌਕਾ ਸਮਝਿਆ। ਅਧੀ ਕੁ ਰਾਤ ਹੋ ਚੁਕੀ ਸੀ, ਜਦ ਸਿੰਘਾਂ ਸੁਰੰਗ ਦੇ ਅਗਲੇ ਸਿਰੇ ਲਾਗੋਂ, ਜੋ ਤੋਪ ਦੇ ਐਨ ਲਾਗੇ ਜਾ ਪਹੁੰਚਿਆ ਸੀ, ਉਸ ਦੀ ਛੱਡੀ ਹੋਈ ਮਿੱਟੀ ਵੀ ਹਟਾ ਦਿਤੀ। ਕਿਲ੍ਹੇ ਦੇ ਅੰਦਰ ਬਲਦਾਂ ਦੀਆਂ ਜੋੜੀਆਂ ਇਕ ਦੂਜੇ ਦੇ ਅੱਗੇ ਜੋੜ ਕੇ ਤੋਪ ਨੂੰ ਅੰਦਰ ਵੱਲ ਖਿਚਣ ਲਈ ਤਿਆਰੀ ਕਰ ਲਈ। ਫਿਰ ਕੁਝ ਮਨਚਲੇ ਸਿੰਘ ਨਿਤਰੇ, ਕਿਲ੍ਹੇ ਦੀ ਬਾਹਰਲੀ ਖਾਈ ਜਿਸ ਵਿਚ ਮੀਂਹ ਦਾ ਪਾਣੀ ਬੜੇ ਜ਼ੋਰ ਨਾਲ ਪੈ ਰਿਹਾ ਸੀ, ਠੰਢ ਤੇ ਮੀਂਹ ਦੀ ਪਰਵਾਹ ਨਾ ਕਰਦੇ ਹੋਏ, ਖਾਈ ਦੇ ਡੋਬੂ ਤੇ ਰੋਹੜੂ ਪਾਣੀ ਨੂੰ ਤਰ ਕੇ ਵੈਰੀ ਦੀ ਤੋਪ ਦੇ ਲਾਗੇ ਜਾ ਪਹੁੰਚੇ ਅਤੇ ਤੋਪ ਦੇ ਪਟੜੇ ਨੂੰ ਘੁਟ ਕੇ ਰੱਸੇ ਬੰਨ੍ਹ ਦਿਤੇ। ਫਿਰ ਇਹ ਸਿੰਘ ਓਸੇ ਤਰ੍ਹਾਂ ਤਰ ਕੇ ਮੁੜ ਅੰਦਰ ਆ ਗਏ। ਹਿਕਣ ਤੇ ਜਦ ਬਲਦਾਂ ਜ਼ੋਰ ਲਾ ਕੇ ਖਿਚਣਾ ਸ਼ੁਰੂ ਕੀਤਾ ਤਾਂ ਤੋਪ ਸਣੇ ਪਟੜੇ ਦੇ ਹਿਲ ਪਈ ਤੇ ਸੁਰੰਗ ਵਲ ਨੂੰ ਰਿੜ੍ਹ ਤੁਰੀ। ਪਰ ਬਦਕਿਸਮਤੀ ਨਾਲ ਜਦ ਹੇਠਾਂ ਪੁਜੀ ਤਾਂ ਤੋਪ ਅਤੇ ਠੇਲ੍ਹੀ ਪਟੜੇ ਨੂੰ ਬੰਨ੍ਹੇ ਹੋਏ



www.AKJ.Org

ਰੱਸੇ ਟੁੱਟ ਗਏ। ਨਾਲ ਹੀ ਤੋਪ ਆਪਣੇ ਪਟੜੇ ਤੋਂ ਲਹਿ ਗਈ ਤੇ ਦੋਵੇਂ ਵਖਰੇ ਹੋ ਕੇ ਥਲੇ ਡਿਗ ਪਏ। ਇਨ੍ਹਾਂ ਦੇ ਡਿਗਣ ਨਾਲ ਏਨਾ ਉੱਚਾ ਜ਼ੋਰਦਾਰ ਧੜੰਮ ਕਰਕੇ ਧਮਾਕਾ ਹੋਇਆ ਕਿ ਊਂਘਦੇ ਤੇ ਸੁੱਤੇ ਪਏ ਪਹਿਰੇਦਾਰ ਤ੍ਰਭਕ ਕੇ ਜਾਗ ਪਏ। ਕਿਸੇ ਨੂੰ ਪਤਾ ਨਾ ਲੱਗੇ ਕਿ ਇਹ ਕੀ ਹੋਇਆ ਹੈ। ਸਾਰੇ ਹੀ "ਜਲ ਤੂੰ ਜਲਾਲ ਤੂੰ......" ਪੜ੍ਹਨ ਲੱਗ ਪਏ। ਫਿਰ ਜਦ ਤੋਪ ਨੂੰ ਆਪਣੇ ਥਾਂ ਤੋਂ ਗ਼ਾਇਬ ਹੋਈ ਡਿਠਾ ਤਾਂ ਜ਼ੈਨੁਦੀਨ ਅਹਿਮਦ ਖਾਨ ਦੇ ਸਰਹੰਦੀ ਲਸ਼ਕਰ ਵਿਚ ਹਫੜਾ ਦਫੜੀ ਪੈ ਗਈ ਤੇ ਉਹ ਤੋਪ ਦੀ ਭਾਲ ਵਿਚ ਸਾਰੀਂ ਪਾਸੀਂ ਭਜ ਉਠੇ। ਸਾਰਿਆਂ ਦੀ ਇਹ ਖ਼ਾਹਿਸ਼ ਸੀ ਕਿ ਫੌਜਦਾਰ ਨੂੰ ਪਤਾ ਲਗਣ ਤੋਂ ਪਹਿਲਾਂ ਹੀ ਤੋਪ ਨੂੰ ਭਾਲ ਲਿਆ ਜਾਵੇ। ਪਰ ਤੋਪ ਕਿਥੋਂ ਲਭੇ। ਚਿਕੜ ਤੇ ਜਿਲ੍ਹਣ ਵਿਚ ਦੀ ਡਿਗਦਾ ਢਹਿੰਦਾ ਹੋਇਆ ਜ਼ੈਨੁੱਦੀਨ ਫ਼ੌਜਦਾਰ ਖ਼ੁਦ ਪੈਦਲ ਤੇ ਬੜਾ ਹੀ ਘਬਰਾਇਆ ਹੋਇਆ ਤੋਪ ਦੇ ਦਮਦਮੇ ਤਕ ਪੁੱਜਾ। ਚੁਫੇਰੇ ਅੰਨ੍ਹੇਰਾ ਹੀ ਅੰਨ੍ਹੇਰਾ ਸੀ। ਵਰਖਾ ਤੇ ਹਵਾ ਦਾ ਏਨਾ ਜ਼ੋਰ ਸੀ ਕਿ ਮਿਸ਼ਾਲ ਕੋਈ ਬਲ ਨਹੀਂ ਸੀ ਸਕਦੀ। ਲੱਕ ਲੱਕ ਪਾਣੀ ਸਾਰੇ ਪਾਸੀਂ ਛਲਾਂ ਮਾਰ ਰਿਹਾ ਸੀ। ਮਿਸ਼ਾਲਾਂ ਜਗਾਉਣ ਦਾ ਹੁਕਮ ਦੇਣੋਂ ਵੀ ਫੌਜਦਾਰ ਡਰਦਾ ਸੀ, ਕਿਉਂਕਿ ਇੰਜ ਕਰਨ ਨਾਲ ਸਿੰਘਾਂ ਦੀ ਗੋਲੀ ਸਿਧੀ ਮਿਸ਼ਾਲਾਂ ਵਾਲੇ ਥਾਂ ਲਸ਼ਕਰੀਆਂ ਉਤੇ ਵਰ੍ਹਨ ਲੱਗ ਪੈਣੀ ਸੀ। ਏਨੇ ਸੰਘਣੇ ਅੰਨ੍ਹੇਰੇ ਵਿਚ ਉਹ ਲੋਅ ਤੋਂ ਬਿਨਾਂ ਕਰਨ ਵੀ ਕੀ? ਅੰਤ ਨੂੰ ਟੋਂਹਦਿਆਂ ਟੋਂਹਦਿਆਂ ਬੜੀ ਮੁਸ਼ਕਲ ਨਾਲ ਪਤਾ ਲਗਾ ਕਿ ਤੋਪ ਅਤੇ ਉਸ ਦਾ ਪਟੜਾ ਦਮਦਮੇ ਤੋਂ ਹੇਠਾਂ ਟੋਏ ਵਿਚ ਪੁਠੇ ਡਿੱਗੇ ਪਏ ਹਨ। ਹੁਣ ਜ਼ੈਨੁੱਦੀਨ ਅਹਿਮਦ ਖਾਨ ਦੇ ਉਡੇ ਹੋਏ ਹੋਸ਼ ਕੁਝ ਠਿਕਾਣੇ ਹੋਏ। ਉਸ ਨੇ ਆਪਣੇ ਲਸ਼ਕਰ ਦੇ ਸੌ ਆਦਮੀਆਂ ਨੂੰ ਹਲਾਸ਼ੇਰੀ ਦਿਤੀ ਤੇ ੫੦-੫੦ ਰੁਪਏ ਹਰ ਇਕ ਨੂੰ ਇਨਾਮ ਦੇਣ ਦਾ ਵਾਹਿਦਾ ਕੀਤਾ, ਜੇ ਉਹ ਤੋਪ ਨੂੰ ਉਥੋਂ ਕਢ ਲਿਆਉਣ। ਫ਼ੌਜਦਾਰ ਲਲਕਾਰੇ ਕਿ ਜੇ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਤੋਪ ਕੱਢ ਲਿਆਉਣ ਤਾਂ ਲਾਜ-ਪਤ ਰਹਿ ਜਾਊ, ਨਹੀਂ ਤਾਂ ਦਿਨੇ ਸਿੰਘਾਂ ਦੀਆਂ ਗੋਲੀਆਂ ਨੇ ਕਿਸੇ ਨੂੰ ਲਾਗੇ ਨਹੀਂ ਫਟਕਣ ਦੇਣਾ। ਇਨ੍ਹਾਂ ਸੌ ਆਦਮੀਆਂ ਨੇ ਦੇਰ ਤਕ ਖਪ ਕੇ ਬੜੀ ਮੁਸ਼ਕਲ ਨਾਲ ਤੋਪ ਕਢੀ ਤੇ ਸੁਰੱਖਿਅਤ ਥਾਂ ਪਹੁੰਚਾਈ। ਸਢੌਰੇ ਦਾ ਘੇਰਾ ਕਈ ਮਹੀਨੇ ਲਟਕਦਾ ਰਿਹਾ। ਹੁਣ ਜਦ ਤਖ਼ਤ ਤੇ ਫ਼ਰਖ਼ਸੀਅਰ ਬੈਠਾ ਤਾਂ ਸਭ ਤੋਂ ਪਹਿਲਾਂ ਉਸ ਨੇ ਇਸ ਪਾਸੇ ਧਿਆਨ ਕੀਤਾ ਤੇ ਇਸ ਘੇਰੇ ਨੂੰ ਕਾਮਯਾਬ ਕਰਨ ਲਈ ਇਸ ਦੀ ਕਮਾਨ ਲਾਹੌਰ ਦੀ ਸੂਬੇਦਾਰੀ ਦੇ ਨਾਲ ਹੀ ਬਦਲ ਦਿਤੀ।

**ਜ਼ਬਰਦਸਤ ਖ਼ਾਨ ਦੀ ਥਾਂ ਅਬਦੁੱਸਮਦ ਖ਼ਾਨ ਲਾਹੌਰ ਦਾ ਸੂਬੇਦਾਰ–**

ਫ਼ਰਖ਼ਸੀਅਰ ਨੇ ਤਖ਼ਤ ਤੇ ਬੈਠਦਿਆਂ ਜਹਾਨਦਾਰ ਸ਼ਾਹ ਵਲੋਂ ਨਿਯੁਕਤ ਕੀਤੇ ਕਈ ਵਡੇ ਵਡੇ ਅਫ਼ਸਰ ਬਦਲ ਦਿਤੇ। ੨੭ ਮੁਹੱਰਮ ੧੧੨੫ ਹਿਜਰੀ (੧੪ ਮਾਰਚ ੧੭੧੩ ਈ:) ਨੂੰ ਜ਼ਬਰਦਸਤ ਖ਼ਾਨ ਦੀ ਥਾਂ ਅਬਦੁੱਸਮਦ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯਤ ਕੀਤਾ ਗਿਆ ਅਤੇ ਉਸ ਦੇ ਪੁਤਰ ਜ਼ਕਰੀਆ ਖਾਨ (ਖ਼ਾਨ ਬਹਾਦਰ) ਨੂੰ ਜੰਮੂ ਦਾ ਫ਼ੌਜਦਾਰ ਬਣਾਇਆ। ੭ ਦਿਨ ਬਾਅਦ ੨੧ ਮਾਰਚ ਨੂੰ ਬਾਦਸ਼ਾਹ ਵਲੋਂ ਸੱਯਦ ਹੁਸੈਨ ਅਲੀ ਖ਼ਾਨ ਨੂੰ ਹੁਕਮ ਹੋਇਆ ਕਿ ਅਬਦੁੱਸਮਦ ਖ਼ਾਨ ਨੂੰ ਲਿਖ ਦੇਵੇ ਕਿ ਉਹ ਆਪਣੀ ਫ਼ੌਜ ਲੈ ਕੇ ਜ਼ੈਨੁੱਦੀਨ ਅਹਿਮਦ ਖ਼ਾਨ ਨਾਲ ਜਾ ਮਿਲੇ ਤੇ ਦੋਵੇਂ ਰਲ ਕੇ ਬੰਦਾ ਸਿੰਘ ਨੂੰ ਫੜਨ ਜਾਂ ਖ਼ਤਮ ਕਰ ਦੇਣ। ੨ ਤੇ ੪ ਅਪ੍ਰੈਲ ਨੂੰ ਵਾਰੋ ਵਾਰੀ ਦਿਲੀ ਬਾਦਸ਼ਾਹ ਨੂੰ ਖ਼ਬਰਾਂ ਪੁਜੀਆਂ ਕਿ ਬੰਦਾ ਸਿੰਘ ਚਾਰ ਪੰਜ ਹਜ਼ਾਰ ਸਿੰਘਾਂ ਸਮੇਤ ਲੋਹਗੜ੍ਹ ਦੇ ਕਿਲ੍ਹੇ ਵਿਚ ਸ਼ਾਹੀ ਫ਼ੌਜ ਨਾਲ ਟਾਕਰੇ ਲਈ ਡਟਿਆ ਹੋਇਆ ਹੈ। ਸਢੌਰੇ ਦੀ ਗੜ੍ਹੀ ਵਿਚ ਹਜ਼ਾਰ ਕੁ ਸਿੰਘ ਪੱਕੇ ਪੈਰ ਜਮਾ ਕੇ ਬਾਦਸ਼ਾਹੀ ਪ੍ਰਸ਼ਾਸਨ ਨੂੰ ਤਹਿਸ ਨਹਿਸ ਕਰ ਰਹੇ ਹਨ। ਆਲੇ ਦੁਆਲੇ ਦੇ ਪਰਗਣਿਆਂ ਨੂੰ ਉਨ੍ਹਾਂ ਆਪਣੀ ਲੁੱਟ-ਮਾਰ ਤੇ ਗਾਰਤ-ਗਰੀ ਦਾ ਨਿਸ਼ਾਨਾ ਬਣਾਇਆ ਹੋਇਆ ਹੈ। ਜ਼ੈਨੁੱਦੀਨ ਅਹਿਮਦ ਖ਼ਾਨ ਫ਼ੌਜਦਾਰ ਸਰਹੰਦ ਨੇ ਛੱਤ ਬਨੂੜ ਦੇ ਪਰਗਣੇ ਵਿਚ ਡੇਰਾ ਲਾਇਆ ਹੋਇਆ ਹੈ, ਤਾਕਿ ਸਿੰਘਾਂ ਤੇ ਸਖ਼ਤਾਈ ਕਰਕੇ ਉਨ੍ਹਾਂ ਦੀ ਰੋਕ ਥਾਮ ਕਰੇ। ਪਰ ਸਿੰਘਾਂ ਤੇ ਹਾਵੀ ਹੋਣ ਵਿਚ ਉਹ ਸਫਲ ਨਹੀਂ ਹੋ ਰਿਹਾ। ਉਸ ਦੀ ਉਨ੍ਹਾਂ ਮੂਹਰੇ ਕੋਈ ਪੇਸ਼ ਨਹੀਂ ਜਾ ਰਹੀ।


www.AKJ.Org

ਸ਼ਾਹੀ ਫ਼ਰਮਾਨ ਮਿਲਦੇ ਸਾਰ ਹੀ ਅਬਦੁੱਸਮਦ ਖਾਨ ਤੁਰਤ ਲਾਹੌਰ ਆਣ ਪੁੱਜਾ। ਇਹ ਤੌਰਾਨੀ ਸਰਦਾਰ ਮੁਹੰਮਦ ਅਮੀਨ ਖਾਨ ਦਾ ਸਾਂਢੂ ਸੀ। ਇਨ੍ਹਾਂ ਦੋਹਾਂ ਦੀਆਂ ਘਰ ਵਾਲੀਆਂ ਉਸ ਦੇ ਚਾਚੇ ਖ਼ੁਆਜਾ ਜ਼ਕਰੀਏ ਦੀਆਂ ਧੀਆਂ ਸਨ। ਇਹ ਪਹਿਲਾਂ ਪਹਿਲ ਔਰੰਗਜ਼ੇਬ ਬਾਦਸ਼ਾਹ ਦੇ ਵੇਲੇ ਕਿਸਮਤ-ਅਜ਼ਮਾਈ ਲਈ ਲਾਹੌਰ ਆਇਆ ਸੀ। ਇਹ ਯੋਗ ਆਦਮੀ ਹੋਣ ਕਰਕੇ ਬਾਦਸ਼ਾਹ ਦੀ ਨਜ਼ਰੀਂ ਚੜ੍ਹ ਗਿਆ। ਪਹਿਲਾਂ ਇਸਨੂੰ ਚਾਰ ਸੱਦੀ ਦਾ ਅਹੁਦਾ ਦਿਤਾ ਗਿਆ। ਬਾਦਸ਼ਾਹ ਬਹਾਦਰ ਸ਼ਾਹ ਵੇਲੇ ਇਸਨੂੰ ਹਫ਼ਤ ਸੱਦੀ (੭ ਸੌ ਸੁਆਰਾਂ ਦਾ ਮੁਖੀ ਅਫ਼ਸਰ) ਬਣਾ ਦਿਤਾ ਗਿਆ। ਬਹਾਦਰ ਸ਼ਾਹ ਦੇ ਮਰਨ ਤੇ ਉਸ ਦੇ ਪੁਤਾਂ ਵਿਚ ਗੱਦੀ ਹਾਸਲ ਕਰਨ ਲਈ ਹੋਈ ਜੰਗ ਸਮੇਂ ਇਹ ਜ਼ੁਲਫ਼ਕਾਰ ਖਾਨ ਨਾਲ ਮਿਲ ਗਿਆ। ਸ਼ਾਹਜ਼ਾਦਾ ਜਹਾਨ ਸ਼ਾਹ ਨੂੰ ਮਾਰਨ ਨਾਲ ਕਾਫ਼ੀ ਪ੍ਰਸਿਧ ਹੋ ਗਿਆ। ਫਿਰ ਤਖ਼ਤ ਵਾਸਤੇ ਫ਼ਰਖ਼ਸੀਅਰ ਤੇ ਜਹਾਨਦਾਰ ਸ਼ਾਹ ਵਿਚਕਾਰ ਹੋਈ ਜੰਗ ਵਿਚ ਇਹ ਫ਼ਰਖ਼ਸੀਅਰ ਵਾਲੇ ਪਾਸਿਓਂ ਹੋ ਕੇ ਲੜਿਆ ਤੇ ਬਹੁਤ ਨਾਮਣਾ ਖਟ੍ਹਿਆ। ਫ਼ਰਖਸੀਅਰ ਇਸ ਦੀ ਸੇਵਾ ਤੋਂ ਬਹੁਤ ਖ਼ੁਸ਼ ਹੋਇਆ ਤੇ ਜਦ ਸਫਲ ਹੋ ਕ ਤਖਤ-ਨਸ਼ੀਨ ਹੋਇਆ ਤਾਂ ਇਸ ਨੂੰ ਪੰਜ ਹਜ਼ਾਰੀ ਦਾ ਮਨਸਿਬ ਦਿਤਾ, ਦਲੇਰਿ-ਜੰਗ ਦਾ ਖਿਤਾਬ ਬਖ਼ਸ਼ਿਆ ਅਤੇ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ।

**ਅਬਦੁੱਸਮਦ ਖ਼ਾਨ ਦਾ ਸਢੌਰੇ ਪੁਜ ਕ ਘੇਰਾ ਕਸਣਾ–**

ਅਬਦੁਸਮੱਦ ਖ਼ਾਨ ਹੁਕਮ ਮਿਲਦੇ ਸਾਰ ਤਿਆਰੀ ਕਰ ਕੇ ਜਦ ਸਢੌਰੇ ਪੁਜਾ ਤਾਂ ਉਸ ਵੇਲੇ ਸਿੰਘ ਦੋਹੀਂ ਥਾਈਂ ਡਟੇ ਬੈਠੇ ਸਨ। ਬੰਦਾ ਸਿੰਘ ਆਪ ਤਾਂ ਲੋਹਗੜ੍ਹ ਵਿਚ ਸੀ, ਸਢੌਰੇ ਦੀ ਗੜ੍ਹੀ ਵਿਚ ਵੀ ਸਿੰਘ ਚੰਗੀ ਤਰ੍ਹਾਂ ਡਟੇ ਹੋਏ ਸਨ। ਜ਼ੈਨੁੱਦੀਨ ਅਹਿਮਦ ਖ਼ਾਨ ਨੇ ਸਿਰ ਚੋਟੀ ਦਾ ਜ਼ੋਰ ਲਾਇਆ ਸੀ, ਪਰ ਉਹ ਸਿੰਘਾਂ ਨੂੰ ਇਥੋਂ ਉਖੇੜਨ ਵਿਚ ਸਫਲ ਨਹੀਂ ਸੀ ਹੋ ਸਕਿਆ। ਅਬਦੁੱਸਮਦ ਖ਼ਾਨ ਹੰਢਿਆ ਆਦਮੀ ਸੀ। ਝਟ ਭਾਂਪ ਗਿਆ ਕਿ ਇਕ ਵੇਲੇ ਦੋਹਾਂ ਕਿਲ੍ਹਿਆਂ ਉਤੇ ਕੀਤੇ ਹੱਲੇ ਕਾਮਯਾਬ ਨਹੀਂ ਹੋ ਸਕਣਗੇ, ਉਸ ਨੇ ਵਾਰੋ ਵਾਰੀ ਇਕੱਲੇ ਇਕੱਲੇ ਨੂੰ ਮਾਰਨ ਦਾ ਫ਼ੈਸਲਾ ਕੀਤਾ। ਅਬਦੁੱਸਮਦ ਖਾਨ, ਜ਼ੈਨੁੱਦੀਨ ਅਹਿਮਦ ਖ਼ਾਨ ਅਤੇ ਇਨਾਮ ਖਾਨ ਆਦਿ ਦੀਆਂ ਹੋਰ ਫ਼ੌਜਾਂ ਨੇ, ਜੋ ਬਾਦਸ਼ਾਹ ਨੇ ਸਿੰਘਾਂ ਦੇ ਖ਼ਾਤਮੇ ਲਈ ਇਨ੍ਹਾਂ ਦੀ ਸਹਾਇਤਾ ਲਈ ਭੇਜੀਆਂ ਸਨ, ਰਲ ਕੇ ਸਢੌਰੇ ਦੀ ਗੜ੍ਹੀ ਦਾ ਘੇਰਾ ਸਖ਼ਤ ਕਰ ਦਿਤਾ। ਇਸ ਲੜਾਈ ਨੂੰ ਜਹਾਦ ਦਾ ਰੰਗ ਦੇ ਕੇ ਚਾਰ ਚੁਫੇਰੇ ਦੇ ਇਲਾਕਿਆਂ ਵਿਚ ਪੱਲਾ ਫੇਰ ਦਿਤਾ ਕਿ ਗਾਜ਼ੀਓ, ਇਸਲਾਮ ਦੀ ਸੇਵਾ ਲਈ ਨਿੱਤਰ ਪਉ, ਕਾਫ਼ਰ ਮਾਰ ਮੁਕਾਉ ਅਤੇ ਜੋ ਲੁੱਟ ਲਵੋ, ਸਭ ਤੁਹਾਡਾ। ਇਸਲਾਮ ਦੀ ਸੇਵਾ ਨਾਲੋਂ ਲੁੱਟ ਦਾ ਲਾਲਚ ਕਰਕੇ ਆਲੇ ਦੁਆਲੇ ਦਾ ਮੁਸਲਮਾਨ ਮੁਲਖਈਆ ਬੇਸ਼ੁਮਾਰ ਜਮ੍ਹਾ ਹੋ ਗਿਆ। ਇਸ ਤਰ੍ਹਾਂ ਘੇਰੇ ਦੇ ਕੱਸੇ ਜਾਣ ਨਾਲ ਸਿੰਘਾਂ ਦੀ ਆਵਾਜਾਈ ਬੜੀ ਔਖੀ ਹੋ ਗਈ ਤੇ ਅੰਦਰ ਖਾਣਾ ਦਾਣਾ ਤੇ ਘਾਹ ਪਠਾ ਪੁਜਣਾ ਔਖਾ ਹੋ ਗਿਆ। ਏਨੇ ਕਰਕੇ ਘੇਰੇ ਵਿਚ ਸਿੰਘਾਂ ਦਾ ਸਢੌਰੇ ਦੀ ਗੜ੍ਹੀ ਵਿਚ ਬਹੁਤੀ ਦੇਰ ਟ੍ਰਿਕੇ ਰਹਿਣਾ ਬਹੁਤ ਔਖਾ ਸੀ। ਬੰਦਾ ਸਿੰਘ ਵੀ ਅਵੇਸਲਾ ਨਹੀਂ ਸੀ। ਇਸ ਹਾਲਤ ਨੂੰ ਵੇਖ ਕੇ ਲੋਹਗੜ੍ਹੋਂ ਸਹਾਇਤਾ ਭੇਜਣ ਦੇ ਯਤਨ ਕਰਨ ਲੱਗਾ। ਦੂਜੇ ਤੀਜੇ ਦਿਨ ਤੇ ਕਈ ਵਾਰ ਰੋਜ਼ ਹੀ ਲੋਹਗੜ੍ਹੋਂ ਸਿੰਘਾਂ ਦੇ ਜਥੇ ਭੇਜਦਾ ਤੇ ਉਨ੍ਹਾਂ ਨੂੰ ਲੰਗਰ ਤੇ ਲੜਾਈ ਦਾ ਸਾਮਾਨ ਪਹੁੰਚਾਉਂਦਾ। ਗੜ੍ਹੀ ਦੇ ਅੰਦਰ ਘਿਰੇ ਹੋਏ ਸਿੰਘ ਵੀ ਸਿਰ ਤਲੀਆਂ ਤੇ ਧਰੀ ਬੈਠੇ ਸਨ। ਉਨ੍ਹਾਂ ਦੇ ਵੀ ਹੌਸਲੇ ਦੂਣੇ ਚੌਣੇ ਹੋ ਗਏ। ਜਦ ਸਿੰਘਾਂ ਦੇ ਜਥੇ ਨੂੰ ਗੜ੍ਹੀ ਵਲ ਆ ਰਹੇ ਵੇਖਦੇ ਜਾਂ ਉਨ੍ਹਾਂ ਦੇ ਘੋੜਿਆਂ ਦੇ ਆਉਣ ਨਾਲ ਉਡਦੀ ਧੂੜ ਤੱਕਦੇ ਤਾਂ ਉਹ ਵੀ ਭੁੱਖਿਆਂ ਸ਼ੇਰਾਂ ਦੇ ਘੋਰਨੇ ,ਚੋਂ ਨਿਕਲਣ ਵਾਂਗ, ਗੜ੍ਹੀ ਚੋਂ ਲਲਕਾਰਦੇ ਹੋਏ ਹੱਲਾ ਕਰਕੇ ਘੇਰੇ ਵਾਲਿਆ ਤੇ ਟੁੱਟ ਪੈਂਦੇ ਅਤੇ ਮਾਰਦੇ ਕਟਦੇ ਹੋਏ ਜੋ ਹੱਥ ਆਉਂਦਾ, ਖੋਹ ਖਿੰਜ ਕੇ ਗੜ੍ਹੀ ਵਿਚ ਲੈ ਵੜਦੇ। ਜੰਗ ਵਿਚ ਹੌਸਲੇ ਤੇ ਦਲੇਰੀ ਦਾ ਆਪਣਾ ਹਿਸਾ ਹੈ। ਪਰ ਗਿਣਤੀ ਤੋਂ ਬਿਨਾਂ ਵੀ ਸਰਦਾ ਨਹੀਂ। ਸਿੰਘਾਂ ਪਾਸ ਹੌਸਲਾ ਤੇ ਦਲੇਰੀ ਤਾਂ ਬਹੁਤ ਸੀ, ਪਰ ਉਨ੍ਹਾਂ ਦੀ ਆਪਣੀ ਗਿਣਤੀ ਬਹੁਤ ਘਟ ਸੀ, ਇਸ ਕਰਕੇ ਉਹ ਬੜੇ ਘਾਟੇ ਵਿਚ ਜਾ ਰਹੇ ਸਨ। ਉਨ੍ਹਾਂ ਦੇ ਛੋਟੇ ਛੋਟੇ ਹੱਲੇ ਦੁਸ਼ਮਣ ਦਾ ਨੁਕਸਾਨ ਤਾਂ ਜ਼ਰੂਰ ਕਰਦੇ ਸਨ, ਪਰ ਇਹ ਨੁਕਸਾਨ ਏਨਾ ਜਿਆਦਾ ਨਹੀਂ ਸੀ ਹੁੰਦਾ ਕਿ ਦੁਸ਼ਮਣ ਪੈਰਾਂ ਤੋਂ ਹਿਲ ਜਾਵੇ।


www.AKJ.Org

ਸੋ ਬਾਹਰ ਬੈਠੇ ਸ਼ਾਹੀ ਲਸ਼ਕਰ ਤੇ ਕੋਈ ਖ਼ਾਸ ਅਸਰ ਨਹੀਂ ਸੀ ਹੋ ਰਿਹਾ। ਇਹ ਵੀ ਮਾਲੂਮ ਹੁੰਦਾ ਹੈ ਕਿ ਜਦ ਇਕੱਲਾ ਜ਼ੈਨੁੱਦੀਨ ਅਹਿਮਦ ਖ਼ਾਨ ਘੇਰਾ ਪਾਈ ਬੈਠਾ ਸੀ, ਉਸ ਵੇਲੇ ਸਿੰਘਾਂ ਬਹੁਤਾ ਅੰਨ-ਦਾਣਾ ਤੇ ਘਾਹ ਪੱਠਾ ਆਦਿ ਜਮ੍ਹਾ ਨਹੀਂ ਸੀ ਕੀਤਾ। ਹੁਣ ਜਦ ਘੇਰਾ ਪੀਢਾ ਹੋ ਗਿਆ ਸੀ ਤਾਂ ਸਿੰਘਾਂ ਲਈ ਡਾਢੀ ਔਖ ਬਣੀ ਹੋਈ ਸੀ। ਹਾਂ ਇਹ ਗੱਲ ਚਕ੍ਰਿਤ ਕਰ ਦੇਣ ਵਾਲੀ ਹੈ ਕਿ ਇਸ ਸਿਰੇ ਦੀ ਔਖਿਆਈ ਸਮੇਂ ਵੀ ਉਨ੍ਹਾਂ ਦੇ ਕਦਮ ਨਹੀਂ ਡਗਮਗਾਏ ਜਾਂ ਬਾਹਰਲੀ ਲਾ-ਤਾਅਦਾਦ ਗਿਣਤੀ ਦੇ "ਅੱਲਾ ਹੂ ਅਕਬਰ" ਤੇ "ਯਾ ਅੱਲੀ" ਦੇ ਨਾਅਰੇ ਉਨ੍ਹਾਂ ਤੇ ਕੋਈ ਅਸਰ ਨਹੀਂ ਪਾ ਸਕੇ। ਇਹ ਨਾਅਰੇ ਉਨ੍ਹਾਂ ਨੂੰ ਹੋਰ ਰੋਹ ਤੇ ਜੋਸ਼ ਚੜ੍ਹਾਉਂਦੇ ਸਨ।

ਘੇਰਾ ਲੰਮਾ ਹੁੰਦਾ ਗਿਆ ਤੇ ਹੁਣ ਗਰਮੀ ਦੇ ਦਿਨ ਆ ਗਏ ਸਨ। ੯ ਜਮਾਦੀ-ਉ-ਸਾਨੀ (੨੨ ਜੂਨ ਸੰਨ ੧੭੧੩ ਈ:) ਨੂੰ ਕੁਝ ਸਿੰਘ ਕਿਲ੍ਹਿਓਂ ਬਾਹਰ ਨਿਕਲੇ ਤਾਂ ਸ਼ਾਹੀ ਫ਼ੌਜ ਨਾਲ ਉਨ੍ਹਾਂ ਦਾ ਭੇੜ ਹੋ ਗਿਆ। ਇੰਜ ਮਾਲੂਮ ਹੁੰਦਾ ਹੈ ਕਿ ਲੋਹਗੜ੍ਹ ਤੋਂ ਬੰਦਾ ਸਿੰਘ ਨੇ ਸਢੌਰੇ ਵਿਚ ਘਿਰੇ ਸਿੰਘਾਂ ਦੀ ਲੰਗਰ ਆਦਿ ਦੀ ਸਹਾਇਤਾ ਲਈ ਜਾਂ ਉਨ੍ਹਾਂ ਨੂੰ ਉਥੋਂ ਕੱਢ ਲਿਆਉਣ ਦੇ ਇਰਾਦੇ ਨਾਲ ਸਿੰਘਾਂ ਦਾ ਜਥਾ ਭੇਜਿਆ ਤੇ ਜਦ ਇਹ ਜਥਾ ਨਜ਼ਦੀਕ ਢੁਕਾ ਤਾਂ ਇਨਾਮ ਖ਼ਾਨ ਦੇ ਸਿਪਾਹੀ ਇਨ੍ਹਾਂ ਉਤੇ ਨੇਜ਼ੇ ਤੇਗਾਂ ਸੂਤ ਕੇ ਟੁੱਟ ਪਏ। ਜਦ ਬਾਹਰ ਇਹ ਨਜ਼ਾਰਾ ਤਕਿਆ ਤਾਂ ਕਿਲ੍ਹੇ ਅੰਦਰੋਂ ਕੁਝ ਸਿੰਘ ਵੀ ਨਿਕਲ ਪਏ। ਇਸ ਤਰ੍ਹਾਂ ਸਿੰਘਾਂ ਅਤੇ ਲਸ਼ਕਰੀਆਂ ਵਿਚ ਟੱਕਰ ਹੋ ਪਈ। ਦੋਵੇਂ ਧਿਰਾਂ ਆਪਣੇ ਆਪਣੇ ਮਾਣ ਵਿਚ ਸਨ। ਜਦ ਮੱਥੇ ਜੁੜ ਗਏ ਤਾਂ ਪਿਛਾਂਹ ਕੌਣ ਹਟੇ। ਦੋਹਾਂ ਪਾਸਿਆਂ ਦਿਆਂ ਸੂਰਮਿਆਂ ਖ਼ੂਬ ਆਪਣੇ ਆਪਣੇ ਜੌਹਰ ਵਿਖਾਏ ਤੇ ਦੋਹਾਂ ਪਾਸਿਆਂ ਤੋਂ ਕਾਫ਼ੀ ਕਟਾ-ਵੱਢ ਹੋਈ। ਬਾਦਸ਼ਾਹ ਵਲੋਂ ਜੋ ਦਿਲੀਓਂ ਨਵੀਂ ਸੱਜਰ-ਸਾਹ ਫੌਜ ਆਈ ਸੀ, ਉਸ ਦਾ ਇਕ ਉਘਾ ਆਲ੍ਹਾ ਅਫਸਰ ਬਕਾ ਬੇਗ ਖਾਨ, ਜੋ ਇਨਾਮ ਖਾਨ ਦੀ ਬ੍ਰਾਦਰੀ 'ਚੋਂ ਸੀ, ਅਤੇ ਉਸ ਦੇ ਕੁਝ ਹੋਰ ਸੂਰਬੀਰ ਸਾਥੀ ਸਿੰਘਾਂ ਹਥੋਂ ਮਾਰੇ ਗਏ। ਮੁਗਲ ਲਸ਼ਕਰੀ ਤਾਂ ਆਪਣੇ ਮਰ ਚੁਕੇ ਅਫਸਰ ਤੇ ਸਾਥੀਆਂ ਦੀਆਂ ਲਾਸ਼ਾਂ ਦੁਆਲੇ ਹੋ ਗਏ ਤੇ ਸਿੰਘ ਆਪਣੀ ਗੜ੍ਹੀ ਵਿਚ ਜਾ ਵੜੇ। ਸਹਾਇਤਾ ਲਈ ਆਏ ਜਥੇ ਦੇ ਜਿੰਨੇ ਸਿੰਘ ਬਚੇ, ਉਹ ਵਾਪਸ ਪਰਤ ਗਏ।

ਇਹੋ ਜਿਹੀਆਂ ਝੜਪਾਂ ਦੂਜੇ ਤੀਜੇ ਦਿਨ ਹੁੰਦੀਆਂ ਹੀ ਰਹਿੰਦੀਆਂ ਸਨ। ਜੂਨ ਦਾ ਸਾਰਾ ਮਹੀਨਾ ਲੰਘ ਗਿਆ। ਅਬਦੁੱਸਮਦ ਖ਼ਾਨ ਨੂੰ ਆਏ ਨੂੰ ਕਈ ਦਿਨ ਹੋ ਚੁਕੇ ਸਨ। ਉਸ ਨੇ ਕਿਸੇ ਤਰ੍ਹਾਂ ਕੁਝ ਪੇਸ਼ ਨਾ ਜਾਂਦੀ ਵੇਖ ਕੇ ਇਕ ਜ਼ੋਰਦਾਰ ਹੱਲਾ ਕਰਨ ਦੇ ਖ਼ਿਆਲ ਨਾਲ ਆਪਣੇ ਮੋਰਚੇ ਹੋਰ ਅੱਗੇ ਨੂੰ ਸਰਕਾਉਣੇ ਸ਼ੁਰੂ ਕਰ ਦਿਤੇ। ੫ ਰਜਬ ਮੁਤਾਬਕ ੧੭ ਜੁਲਾਈ ੧੭੧੩ ਈ: ਨੂੰ ਫ਼ਰਖਸੀਅਰ ਨੂੰ ਦਿਲੀ ਵਿਖੇ ਖ਼ਬਰ ਪੁਜੀ, ਜਿਸ ਵਿਚ ਲਿਖਿਆ ਹੋਇਆ ਸੀ ਕਿ ਅਬਦੁੱਸਮਦ ਖ਼ਾਨ ਨੇ ਇਨਾਮ ਖ਼ਾਨ ਤੇ ਜ਼ੈਨੁੱਦੀਨ ਅਹਿਮਦ ਖ਼ਾਨ ਨਾਲ ਸਲਾਹ ਕਰ ਕੇ ਆਪਣੇ ਮੋਰਚੇ ਸਢੌਰੇ ਦੀ ਗੜ੍ਹੀ ਦੇ ਲਾਗੇ ਕਰਨ ਅਤੇ ਲਕੜੀ ਦੀਆਂ ਸੱਤ ਸੌ ਪੌੜੀਆਂ ਬਣਾ ਕੇ ਛੇਤੀ ਹੀ ਹੱਲਾ ਕਰਨ ਦਾ ਫ਼ੈਸਲਾ ਕੀਤਾ ਹੈ। ਅਬਦੁੱਸਮਦ ਖ਼ਾਨ ਦੀਆਂ ਇਹ ਤਿਆਰੀਆਂ ਦੋ ਕੁ ਮਹੀਨੇ ਤੱਕ ਹੁੰਦੀਆਂ ਰਹੀਆਂ ਤੇ ਇਨ੍ਹਾਂ ਦਾ ਸਿੰਘਾਂ ਨੂੰ ਵੀ ਪਤਾ ਲੱਗ ਗਿਆ ਜਾਪਦਾ ਹੈ। ਇਸ ਲਈ ਸਤੰਬਰ ਮਹੀਨੇ ਦੇ ਤੀਜੇ ਹਫਤੇ ਦਾ ਅਧ ਹੋਵੇਗਾ (ਸ਼ਾਇਦ ੧੮ ਜਾਂ ੧੯ ਸਤੰਬਰ ਨੂੰ—ਇਹ ਖ਼ਿਆਲ ਹੀ ਲਗਦਾ ਹੈ, ਇਸ ਦਿਨ ਦੀ ਪੱਕੀ ਲਿਖਤੀ ਗਵਾਹੀ ਨਹੀਂ, ਇਨ੍ਹਾਂ ਦੋਹਾਂ 'ਚੋਂ ਇਕ ਦਿਨ ਜ਼ਰੂਰ ਹੋਊ), ਸਿੰਘ ਇਕ-ਦਮ ਗੜ੍ਹੀ ਚੋਂ ਬਿਜਲੀ ਵਾਂਗ ਨਿਕਲ ਪਏ ਅਤੇ ਜਿਧਰ ਜ਼ਿਮੀਦਾਰਾਂ ਦੇ ਬੰਦੇ ਤੇ ਮੁਲਖਈਆ ਘੇਰਾ ਘਤੀ ਬੈਠੇ ਸਨ, ਉਧਰ ਉਨ੍ਹਾਂ ਤੇ ਆਫ਼ਤ ਬਣ ਕੇ ਟੁੱਟ ਪਏ। ਪਹਿਲੀ ਗੱਲ ਤਾਂ ਉਨ੍ਹਾਂ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਨ੍ਹਾਂ ਤੇ ਇਸ ਤਰ੍ਹਾਂ ਕਿਆਮਤ ਆਣ ਪਏਗੀ। ਦੂਜਾ ਗਾਂਢਵੀਆਂ ਤੇ ਲੋਟੂ ਧਾੜਾਂ ਨੇ ਸਿਰਲੱਥ ਸੂਰਮਿਆਂ ਦਾ ਕੀ ਮੁਕਾਬਲਾ ਕਰਨਾ ਸੀ ? ਸਿੰਘ ਤੇਗਾਂ ਵਾਹੁੰਦੇ, ਉਨ੍ਹਾਂ ਦੀਆਂ ਸਫਾਂ ਨੂੰ ਖੇਰੂੰ ਖੇਰੂੰ ਕਰਦੇ ਹੋਏ, ਬਿਨਾ ਕੁਝ ਬਹੁਤਾ ਨੁਕਸਾਨ ਕਰਾਏ ਦੇ ਨਿਕਲ ਗਏ ਤੇ ਲੋਹਗੜ੍ਹ ਜਾ ਪੁਜੇ। ਅਬਦੁੱਸਮਦ ਦਾ ਘੇਰੇ ਦਾ ਜਾਲ ਕਿਸੇ ਕੰਮ ਨਾ ਆਇਆ, ਲੱਗੇ ਦਾ ਲੱਗਾ ਹੀ ਰਹਿ ਗਿਆ। ਇਸ ਨਾਕਾਮੀ ਨੇ, ਜਦ ਕਿ ਉਹ ਏਡੇ ਤਕੜੇ ਲਸ਼ਕਰ ਨਾਲ ਸਿਰਫ਼ ੧੦੦੦ ਕੁ ਸਿੰਘ ਘੇਰੀ ਬੈਠਾ ਸੀ ਤੇ ਉਹ ਵੀ ਉਸਦੇ ਲਸ਼ਕਰ ਨੂੰ ਚੀਰ ਪਾੜ ਕੇ ਨਿਕਲ ਗਏ, ਉਸ ਨੂੰ ਮਾਯੂਸੀ ਤੇ ਹੈਰਾਨਗੀ ਦੇ ਅਥਾਹ ਸਮੁੰਦਰਾਂ ਵਿਚ ਸੁਟ


www.AKJ.Org

ਦਿਤਾ। ਉਸ ਨੇ ਖ਼ਾਲੀ ਗੜ੍ਹੀ ਤੇ ਗੱਚ ਕਢਿਆ। ੨੪ ਸਤੰਬਰ ਨੂੰ ਦਿਲੀ ਬਾਦਸ਼ਾਹ ਪਾਸ ਖ਼ਬਰ ਪੁੱਜੀ ਕਿ ਅਬਦੁੱਸਮਦ ਖ਼ਾਨ ਨੇ ਸਢੌਰੇ ਦੇ ਕਿਲ੍ਹੇ ਨੂੰ ਢਾਹ ਕੇ ਧਰਤੀ ਨਾਲ ਮਿਲਾ ਦਿਤਾ ਹੈ।

੧੨ ਅਕਤੂਬਰ ਨੂੰ ਭਗਵਤੀ ਦਾਸ ਹਰਕਾਰੇ ਵਲੋਂ ਬਾਦਸ਼ਾਹ ਦੇ ਹਜ਼ੂਰ ਲਿਖਤੀ ਖਬਰ ਪੇਸ਼ ਕੀਤੀ ਗਈ ਕਿ ਸਿੰਘਾਂ ਦਾ ਆਗੂ ਬੰਦਾ ਸਿੰਘ ਲੋਹਗੜ੍ਹ ਵਿਚ ਮੌਜੂਦ ਹੈ ਤੇ ਆਪਣੇ ਕਿਲ੍ਹੇ ਦੀ ਖਾਈ ਤਿਆਰ ਕਰਵਾ ਰਿਹਾ ਹੈ। ਸ਼ਾਹੀ ਲਸ਼ਕਰ ਨਾਲ ਡਾਢਾ ਟਾਕਰਾ ਕਰਨ ਦਾ ਇਰਾਦਾ ਰਖਦਾ ਹੈ।

ਸਢੌਰੇ ਦੀ ਗੜ੍ਹੀ ਢਾਹ ਕੇ ਅਬਦੁੱਸਮਦ ਖ਼ਾਨ ਲੋਹਗੜ੍ਹ ਵਲ ਵਧਿਆ। ਜ਼ੈਨੁੱਦੀਨ ਅਹਿਮਦ ਖਾਨ, ਇਨਾਮ ਖ਼ਾਨ, ਆਪਣੇ ਪੁੱਤਰ ਜ਼ਕਰੀਆ ਖ਼ਾਨ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਉਸ ਨੇ ਲੋਹਗੜ੍ਹ ਕਿਲ੍ਹੇ ਤੇ ਚੜ੍ਹਾਈ ਕੀਤੀ। ਬਾਦਸ਼ਾਹੀ ਖ਼ਬਰਾਂ ਵਿਚ ਇਸ ਚੜ੍ਹਾਈ ਦਾ ਕੋਈ ਜ਼ਿਕਰ ਨਹੀਂ ਮਿਲਦਾ। ਰਿਕਾਰਡ ਤੋਂ ਸਿਰਫ ਏਨਾ ਪਤਾ ਲਗਦਾ ਹੈ ਕਿ ਕੁਝ ਬੰਦੇ ਮਾਰੇ ਗਏ ਤੇ ਕੁਝ ਜ਼ਖ਼ਮੀ ਹੋਏ ਸਨ। ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਦ ਇਹ ਫ਼ੌਜ ਲੋਹਗੜ੍ਹ ਪੁਜੀ ਤਾਂ ਉਥੇ ਨਾ ਤਾਂ ਬੰਦਾ ਸਿੰਘ ਸੀ ਤੇ ਨਾ ਹੀ ਉਸ ਦੇ ਕੋਈ ਸਿੰਘ ਹੀ। ਸਿੰਘਾਂ ਵਾਲੇ ਪਾਸਿਓਂ ਵੀ ਕੋਈ ਗੱਲ ਸਾਫ਼ ਨਹੀਂ ਹੁੰਦੀ ਕਿ ਉਨ੍ਹਾਂ ਇਸ ਵੇਲੇ ਕੀ ਕੀਤਾ। ਸ਼ਾਹੀ ਫ਼ੌਜ ਕਿਲ੍ਹੇ ਤਕ ਸੁੱਕੀ ਕਿਵੇਂ ਪਹੁੰਚ ਗਈ, ਕੋਈ ਲਿਖਤੀ ਸਬੂਤ ਨਹੀਂ। ਇਹ ਅਨੁਮਾਨ ਹੈ ਕਿ ਸਢੌਰੇ ਦੀ ਗੜ੍ਹੀ ਖ਼ਾਲੀ ਕਰ ਦੇਣ ਦੇ ਕੁਝ ਚਿਰ ਬਾਅਦ ਉਨ੍ਹਾਂ ਕਿਸੇ ਮਿਥੀ ਹੋਈ ਚਾਲ ਦੇ ਤਹਿਤ ਲੋਹਗੜ੍ਹ ਨੂੰ ਖ਼ਾਲੀ ਕਰ ਦੇਣਾ ਵਾਜਿਬ ਸਮਝਿਆ ਤੇ ਦੁਸ਼ਮਣ ਨੂੰ ਸੂਹ ਲਗਣ ਤੋਂ ਪਹਿਲਾਂ ਪਹਿਲਾਂ ਚੁਪ ਚਾਪ ਪਹਾੜਾਂ ਵਲ ਨਿਕਲ ਕੇ ਅਲੋਪ ਹੋ ਗਏ।

ਸ਼ਾਹੀ ਲਸ਼ਕਰ ਆਪਣੇ ਕੰਪੂ ਲਈ ਚੰਗੇ ਥਾਂ ਦੀ ਤਲਾਸ਼ ਵਿਚ ਸੀ, ਕੁਝ ਪਾਣੀ ਦੀ ਭਾਲ ਵਿਚ ਸਨ। ਦੂਜੇ ਖਾਈ ਪੁਟਣ ਤੇ ਮਿੱਟੀ ਬਾਹਰ ਸੁੱਟਣ ਦੇ ਆਹਰ ਵਿਚ ਸਨ। ਉਨ੍ਹਾਂ ਦੇ ਸੁਆਰਾਂ ਦਾ ਇਕ ਦਸਤਾ ਤੇਜ਼ੀ ਨਾਲ ਇਕ ਟਿੱਬੇ ਵਲ ਨੂੰ ਇਸ ਖ਼ਿਆਲ ਨਾਲ ਗਿਆ ਕਿ ਸਿੰਘਾਂ ਦੇ ਮੋਰਚਿਆਂ ਦਾ ਪਤਾ ਕਰੇ ਤੇ ਉਨ੍ਹਾਂ ਦੀ ਡਿੱਠ ਵੇਖੇ। ਜਦ ਉਹ ਉਸ ਦੇ ਸਿਰ ਤੇ ਚੜ੍ਹੇ ਤਾਂ ਉਨ੍ਹਾਂ ਨੇ ਵੇਖਿਆ ਕਿ ਸਿੰਘ ਪਹਾੜੀ ਦੀ ਪਰਲੀ ਢਲਾਨ ਵਲ ਉਤਰ ਕੇ ਅਲੋਪ ਹੋ ਗਏ ਹਨ। ਸਿੰਘਾਂ ਦੇ ਇਸ ਤਰ੍ਹਾਂ ਖਿਸਕ ਜਾਣ ਨਾਲ ਬਾਦਸ਼ਾਹੀ ਲਸ਼ਕਰੀਆਂ ਨੂੰ ਹੋਰ ਵੀ ਅਚੰਭਾ ਹੋਇਆ, ਜਦ ਉਨ੍ਹਾਂ ਨੇ ਮੁਗਲ ਫ਼ੌਜਾਂ ਨਾਲ ਟੱਕਰ ਲੈਣ ਲਈ ਸਿੰਘਾਂ ਦੀ ਏਡੀ ਤਕੜੀ ਤਿਆਰੀ ਦੇ ਸਾਮਾਨ ਤੇ ਪ੍ਰਬੰਧ ਵੇਖੇ। ਪਹਾੜੀ ਦੇ ਪੈਰਾਂ ਵਿਚ ਪਹਿਲੇ ਟਿੱਬੇ ਤੋਂ ਲੈ ਕੇ ਲੋਹਗੜ੍ਹ ਦੀ ਦੀਵਾਰ ਤਕ ਉਨ੍ਹਾਂ ਨੇ ਆਪਣੇ ਮੋਰਚੇ ਤੇ ਹਿਫ਼ਾਜ਼ਤੀ ਚੌਕੀਆਂ ਇਸ ਢੰਗ ਨਾਲ ਬਣਾਈਆਂ ਹੋਈਆਂ ਸਨ ਕਿ ਇਕ ਤੋਂ ਦੂਸਰੀ ਦੀ ਮਦਦ ਹੋ ਸਕਦੀ ਸੀ ਤੇ ਹਮਲੇ ਲਈ ਚੜ੍ਹੇ ਆ ਰਹੇ ਦੁਸ਼ਮਣ ਤੇ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਅੱਗ ਵਰ੍ਹਾਈ ਤੇ ਵੈਰੀ ਨੂੰ ਮੌਤ ਦੀ ਨੀਂਦ ਸੁਆਇਆ ਜਾ ਸਕਦਾ ਸੀ। ਲਸ਼ਕਰੀਆਂ ਇਹ ਸਭ ਕੁਝ ਅੱਖੀਂ ਵੇਖਿਆ। ਉਹ ਸਿੰਘਾਂ ਦੀ ਇਸ ਆਦਤ ਤੋਂ, ਕਿ ਉਹ ਅੱਗੇ ਲੱਗ ਕੇ ਇਕ-ਦਮ ਮੁੜ ਕੇ ਵੈਰੀ ਤੇ ਟੁੱਟ ਪੈਂਦੇ ਹਨ ਤੇ ਮਗਰ ਲੱਗੇ ਦੁਸ਼ਮਣ ਨੂੰ ਕਸੂਤਾ ਫਾਹ ਲੈਂਦੇ ਹਨ, ਏਨੇ ਡਰੇ ਹੋਏ ਸਨ ਕਿ ਉਨ੍ਹਾਂ ਨੇ ਕਈ ਦਿਨ ਸਿੰਘਾਂ ਦਾ ਪਿਛਾ ਹੀ ਨਹੀਂ ਕੀਤਾ। ਸਿੰਘਾਂ ਦੇ ਇਸ ਜੰਗੀ ਦਾਅ-ਪੇਚ ਨੂੰ ਕਾਜ਼ੀ ਨੂਰ ਦੀਨ ਨੇ ਖ਼ੂਬ ਸਮਝਿਆ ਸੀ ਤੇ ਉਸ ਦਾ ਜ਼ਿਕਰ ਉਸ ਨੇ ਜੰਗਨਾਮੇ ਵਿਚ ਬੜਾ ਸੋਹਣਾ ਕੀਤਾ ਹੈ। ਕੁਝ ਦੇਰ ਬਾਅਦ ਜਦ ਉਹ ਸਿੰਘਾਂ ਦੇ ਮਗਰ ਲੱਗੇ ਤਾਂ ਉਨ੍ਹਾਂ ਨੂੰ ਕਿਤੇ ਉਨ੍ਹਾਂ ਦਾ ਖੁਰਾ ਖੋਜ ਵੀ ਨਾ ਲਭਾ। ਲੋਹਗੜ੍ਹ ਖ਼ਾਲੀ ਕਰਕੇ, ਬੰਦਾ ਸਿੰਘ ਦਾ ਸਿੰਘਾਂ ਸਮੇਤ ਇੰਜ ਨਿਕਲ ਜਾਣ ਦੀ ਖ਼ਬਰ ਬਾਦਸ਼ਾਹ ਨੂੰ ੧੯ ਨਵੰਬਰ ਨੂੰ ਮਿਲੀ। ਉਸ ਵਿਚ ਲਿਖਿਆ ਸੀ ਕਿ ਬੰਦਾ ਸਿੰਘ ਦੇ ਕਈ ਆਦਮੀ ਕਤਲ ਤੇ ਜ਼ਖ਼ਮੀ ਹੋਏ ਹਨ। ਉਨ੍ਹਾਂ ਦੇ ਬਾਰੂਦ ਦੇ ਜ਼ਖੀਰੇ ਜ਼ਬਤ ਕਰ ਲਏ ਗਏ ਹਨ। ਸ਼ਾਹੀ ਲਸ਼ਕਰ ਦੇ ਅਫ਼ਸਰਾਂ 'ਚੋਂ ਅਬਦੁੱਸਮਦ ਖ਼ਾਨ ਦਾ ਬਖਸ਼ੀ ਹਾਜੀ ਕਮਾਲ (ਇਹ ਫ਼ੌਜੀ ਕਮਾਂਡਰ ਸੀ), ਜ਼ੈਨੁੱਦੀਨ ਅਹਿਮਦ ਖ਼ਾਨ ਦਾ ਭਤੀਜਾ ਅਬੁਲ ਮੁਕਾਰਮ, ਫ਼ਤਹ ਖ਼ਾਨ ਆਦਿ ਘਾਇਲ ਹੋਏ ਹਨ। ਕਤਲ ਹੋਏ ਤੇ ਜ਼ਖ਼ਮੀ ਸਿੰਘਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰ ਜ਼ਕਰੀਆ ਖ਼ਾਨ ਦਿਲੀ ਲੈ ਗਿਆ ਤੇ ੨੯ ਨਵੰਬਰ ਨੂੰ ਇਹ ਸਿਰ ਨੇਜ਼ਿਆਂ ਤੇ ਟੰਗ ਕੇ ਬਾਦਸ਼ਾਹ ਨੂੰ ਪੇਸ਼ ਕੀਤੇ ਗਏ।

(ਚਲਦਾ)


www.AKJ.Org

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

( ਭਗਤ ਬਾਣੀ ਭਾਗ )

ਗੁਰਮਤਿ ਦੀ ਗੌਰਵਤਾ ਬਾਰੇ

(ੳ) ਸ਼ੰਕਿਆਂ ਅਤੇ ਟਪਲਿਆਂ ਦਾ ਸਮਾਧਾਨ (ਅ) ਸਿਧਾਂਤ ਦੀ ਹਵਾਲਿਆਂ ਤੇ ਦਲੀਲਾਂ ਨਾਲ ਪ੍ਰੋੜ੍ਹਤਾ

ਕ੍ਰਿਤ : ਗਿ: ਗੁਰਦਿੱਤ ਸਿੰਘ ਜੀ, ਕੋਠੀ ਨੰਬਰ ੫੯, ਸੈਕਟਰ ੪, ਚੰਡੀਗੜ੍ਹ

ਅਧਿਆਤਮ ਗਿਆਨ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਸਤਿਗੁਰਾਂ ਦੇ ਨਿਜ ਮੁਖਾਰਬਿੰਦ ਤੋਂ ਉਚਾਰਣ ਹੋਈ ਬਾਣੀ ਦਰਜ ਹੈ ਓਥੇ ਗੁਰੂ ਵਰੋਸਾਏ ਆਤਮ-ਦਰਸੀ ਭਗਤ-ਜਨਾਂ ਦੀ ਬਾਣੀ ਨੂੰ ਵੀ ਏਥੇ ਬਰਾਬਰ ਥਾਂ ਦਿਤੀ ਹੋਈ ਹੈ। ਸਤਿਗੁਰਾਂ ਨੇ ਅਖੌਤੀ ਨੀਵੀਆਂ ਜਾਤਾਂ ਨਾਲ ਸੰਬੰਧ ਰਖਣ ਵਾਲੇ, ਪਰ ਆਤਮਿਕ ਤੌਰ ਤੇ ਵਿਗਸੇ ਹੋਏ ਭਗਤ-ਜਨਾਂ ਨੂੰ ਗਲੇ ਲਾਇਆ ਤੇ ਫਿਰ ਉਹਨਾਂ ਨੂੰ ਨਾਮ-ਰੰਗਣ ਵਿਚ ਰੰਗਿਆ। ਇੰਜ ਆਤਮ-ਰਸ ਵਿਚ ਲਿਵਲੀਨ ਹੋਏ ਭਗਤ-ਜਨਾਂ ਵਲੋਂ ਜੋ ਬਾਣੀ ਉਚਾਰਨ ਹੋਈ, ਸਤਿਗੁਰਾਂ ਨੇ ਉਸ ਨੂੰ ਆਪਣੀ ਬਾਣੀ ਨਾਲ ਪਾਵਨ ਬੀੜ ਵਿਚ ਦਰਜ ਕਰ ਕੇ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਕ ਵਿਲੱਖਣ ਪੂਰਨਾ ਪਾਇਆ।

(੨) ਉਹਨਾਂ ਭਗਤ-ਜਨਾਂ ਦੀਆਂ ਸਾਖੀਆਂ ਨਾਲ ਸੰਬੰਧਤ ਕੁਝ ਲੋਕ ਸਤਿਗੁਰਾਂ ਦੇ ਉਪਕਾਰ ਨੂੰ ਨਜ਼ਰੋਂ ਪ੍ਰੋਖੇ ਕਰ ਕੇ, ਉਹਨਾਂ ਨੂੰ 'ਗੁਰੂ' ਰੂਪ ਵਿਚ ਪੇਸ਼ ਕਰਨ ਦੇ ਆਹਰ ਵਿਚ ਹਨ। ਪਰ ਕੁਝ ਕੁ ਗੁਰੂ-ਦੋਖੀ ਦੇਸਾਂ-ਪਰਦੇਸਾਂ ਵਿਚ ਇਹ ਪਰਚਾਰ ਕਰ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਭਗਤ ਕਬੀਰ ਜੀ ਦੇ ਚੇਲੇ ਸਨ।

(੩) ਇਸ ਰੋਲ-ਘਚੋਲੇ ਨੂੰ ਨਿਤਾਰ ਕੇ ਕੱਚ ਸੱਚ ਦਾ ਨਿਰਣਾ ਕਰਨ ਦਾ ਫਰਜ਼ ਤਾਂ ਸਾਡੀਆਂ ਯੂਨੀ-ਵਰਸਿਟੀਆਂ ਅਤੇ ਧਾਰਮਕ ਸੰਸਥਾਵਾਂ ਦਾ ਬਣਦਾ ਸੀ, ਪਰ ਇਹਨਾਂ ਯੂਨੀਵਰਸਿਟੀਆਂ ਦਾ ਕੋਈ ਵਿਦਵਾਨ ਇਸ ਸੇਵਾ ਦੇ ਪਿੜ ਵਿਚ ਨਹੀਂ ਨਿਤਰਿਆ। ਇਹ ਸੇਵਾ ਸਤਿਗੁਰਾਂ ਨੇ ਆਪਣੇ ਅਨਿੰਨ ਸੇਵਕ ਗਿਆਨੀ ਗੁਰਦਿੱਤ ਸਿੰਘ ਤੋਂ ਲਈ ਹੈ। ਗਿਆਨੀ ਗੁਰਦਿੱਤ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਪ੍ਰਾਚੀਨ ਬੀੜਾਂ ਬਾਰੇ ਅਤੇ ਪਾਵਨ ਬੀੜ ਵਿਚ ਅੰਕਤ ਭਗਤ ਬਾਣੀ ਨਾਲ ਸੰਬੰਧਤ ਭਗਤ-ਜਨਾਂ ਦੇ ਜੀਵਨ-ਕਾਲ ਬਾਰੇ ਸੰਨ ੧੯੪੫ ਤੋਂ ਨਿਰੰਤਰ ਖੋਜ ਕਰਦੇ ਆ ਰਹੇ ਹਨ। ਇਸ ਸੰਬੰਧ ਵਿਚ ਉਹਨਾਂ ਨੇ ਜਿਥੇ ਗੁਰ-ਇਤਿਹਾਸ ਨਾਲ ਸੰਬੰਧਤ ਪੁਰਾਤਨ ਹੱਥ-ਲਿਖਤ ਸਿਮੱਗਰੀ ਇਕੱਤਰ ਕੀਤੀ, ਓਥੇ ਦੇਸ਼-ਪਰਦੇਸਾਂ ਵਿਚ ਭ੍ਰਮਣ ਕਰ ਕੇ ਭਗਤ-ਜਨਾਂ ਨਾਲ ਸੰਬੰਧਤ ਵੱਖ ਵੱਖ ਬੋਲੀਆਂ ਵਿਚ ਲਿਖੇ ਸੈਂਕੜੇ ਗ੍ਰੰਥਾਂ ਦਾ ਘੋਖਵਾਂ ਅਧਿਐਨ ਕੀਤਾ ਤੇ ਭਾਰੀ ਮਾਤ੍ਰਾ ਵਿਚ ਖੋਜ-ਸਮੱਗਰੀ ਇਕੱਤਰ ਕੀਤੀ। ਇਸ ਸਾਰੀ ਖੋਜ-ਸਮੱਗਰੀ ਨੂੰ ਪਰਖ ਨਿਰਖ ਕੇ ਗਿਆਨੀ ਜੀ ਨੇ ਅਨਮਤੀ ਗ੍ਰੰਥਾਂ ਵਿਚੋਂ ਹਵਾਲੇ ਦੇ ਦੇ ਕੇ ਇਹ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਭਗਤ ਬਾਣੀ ਦੇ ਰਚਨਹਾਰ ਭਗਤ-ਜਨ ਸਤਿਗੁਰਾਂ ਦੇ ਸਮਕਾਲੀ ਸਨ। ਇਹਨਾਂ ਭਗਤ-ਜਨਾਂ ਦੀ ਸਤਿਗੁਰਾਂ ਨਾਲ ਭੇਟ ਹੋਈ ਅਤੇ ਉਹ ਸਤਿਗੁਰਾਂ ਦੀ ਨਾਮ-ਰਤੀ ਸ਼ਖਸੀਅਤ ਅਤੇ ਗੁਰੂ-ਬਾਣੀ ਤੋਂ ਏਨੇ ਪ੍ਰਭਾਵਤ ਹੋਏ ਕਿ ਸਤਿਗੁਰਾਂ ਤੋਂ ਦੀਖਿਆ ਪ੍ਰਾਪਤ ਕਰਕੇ ਉਹਨਾਂ ਦੇ ਸਿਖ ਬਣੇ। ਸ੍ਰੀ ਗੋਇੰਦਵਾਲ ਸਾਹਿਬ ਦੀਆਂ ਪੋਥੀਆਂ ਵਿਚਲੀ ਸੂਤਰ-ਰੂਪ ਸੂਚਨਾ 'ਨਾਮਾ ਕਬੀਰ ਭਗਤ ਗੁਰੂ ਬਾਬੇ ਕੇ' ਗਿਆਨੀ ਜੀ ਵਲੋਂ ਮਥ-ਕਢੇ-ਸਾਰ-ਸਿੱਟੇ ਤੇ ਪ੍ਰਵਾਨਗੀ ਦੀ ਮੁਹਰ ਲਾਉਂਦੀ ਹੈ। ਤੀਜੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵੀ ਏਸੇ ਤੱਥ ਦੀ ਪ੍ਰੋੜ੍ਹਤਾ ਕਰਦੀ ਹੈ :

ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥<br>
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥<br>
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥੨੨॥

(ਸਿਰੀ ਰਾਗੁ ਮ: ੩, ਪੰਨਾ ੬੭)

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿਚ ਉਚਾਰਨ ਹੋਏ ਸਵਈਏ ਮਹਲੇ ਪੰਜਵੇਂ ਕੇ ਵੀ ਇਹੋ



www.AKJ.Org

ਤੱਥ ਦ੍ਰਿੜ੍ਹ ਕਰਾਉਂਦੇ ਹਨ :–

ਗੁਣ ਗਾਵੈ ਰਵਿਦਾਸ ਭਗਤੁ ਜੈਦੇਵ ਤ੍ਰਿਲੋਚਨ ॥
ਨਾਮਾ ਭਗਤ ਕਬੀਰੁ ਸਦਾ ਗਾਵਹਿ ਸਮ ਲੋਚਨ ॥
ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥੮॥ (ਪੰਨਾ ੧੩੯੦)

(੪) ਪੂਰੀ ਅੱਧੀ ਸਦੀ ਲਾ ਕੇ ਕੀਤੀ ਵਿਦਵਤਾ ਭਰੀ ਖੋਜ ਨੂੰ ਗਿਆਨੀ ਜੀ ਨੇ ਪੰਜ ਭਾਗਾਂ ਵਿਚ ਵੰਡਿਆ ਹੈ :–

(ੳ) ਭਗਤ-ਬਾਣੀ ਭਾਗ, (ਅ) ਗੁਰੂ ਬਾਣੀ ਭਾਗ, (ੲ) ਪੁਰਾਤਨ ਬੀੜਾਂ ਭਾਗ, (ਸ) ਸਿੱਖਾਂ ਸੇਵਕਾਂ ਭੱਟਾਂ ਦੀ ਬਾਣੀ ਵਾਲਾ ਭਾਗ, (ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਵਾਲਾ ਭਾਗ।

ਉਪ੍ਰੋਕਤ ਪੁਸਤਕਾਂ ਵਿਚੋਂ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤ-ਬਾਣੀ ਭਾਗ" ਪੁਸਤਕ ਛਪ ਗਈ ਹੈ, ਜੋ ਕਿ ੬੫੦ ਪੰਨੇ ਦੇ ਅਕਾਰ ਦੀ ਹੈ, ਜਿਸ ਵਿਚ ਭਗਤ-ਬਾਣੀ ਬਾਰੇ ਪਾਏ ਗਏ ਸ਼ੰਕਿਆਂ ਅਤੇ ਟਪਲਿਆਂ ਬਾਰੇ ਵਿਸਥਾਰ ਸਹਿਤ ਪੂਰੇ ਹਵਾਲਿਆਂ ਅਤੇ ਨਿੱਗਰ ਦਲੀਲਾਂ ਨਾਲ ਬਹਿਸ ਕੀਤੀ ਹੋਈ ਹੈ। ਇਸ ਪੁਸਤਕ ਵਿਚਲੀ ਪਦਾਰਥ-ਸਮੱਗਰੀ ਬੜੀ ਮਹੱਤਵ ਪੂਰਨ, ਵਡਮੁੱਲੀ ਅਤੇ ਸਵਾਦਲੀ ਹੈ। ਇਸ ਖੋਜ ਰਾਹੀਂ ਗੁਰਮਤਿ ਦੀ ਗੌਰਵਤਾ ਨੂੰ ਜਿਸ ਪ੍ਰਬੀਨਤਾ ਤੇ ਖ਼ੂਬਸੂਰਤੀ ਨਾਲ ਨਿੱਗਰ ਅਤੇ ਅਕੱਟ ਪ੍ਰਮਾਣਾਂ ਦੁਆਰਾ ਨਿਖਾਰਿਆ ਗਿਆ ਹੈ, ਉਸ ਦੀ ਸਲਾਹੁਤਾ ਕੀਤੇ ਬਗੈਰ ਕੋਈ ਰਹਿ ਨਹੀਂ ਸਕਦਾ, ਭਾਵੇਂ ਉਹ ਗਿਆਨੀ ਜੀ ਦੇ ਸਾਰੇ ਵਿਚਾਰ-ਸਿੱਟਿਆਂ ਨਾਲ ਸਹਿਮਤ ਨਾ ਵੀ ਹੋਵੇ।

(੫) ਨਿਰਸੰਦੇਹ ਇਹ ਪੁਸਤਕ ਗੁਰੂ-ਦੋਖੀਆਂ ਵਲੋਂ ਲਾਈ ਜਾ ਰਹੀ ਢਾਹ ਵਿਰੁੱਧ ਇਕ ਪੱਕੇ ਬੰਨ੍ਹ ਦਾ ਕੰਮ ਦਿੰਦੀ ਹੈ। ਇਸ ਤੋਂ ਜਨ-ਸਾਧਾਰਨ ਨੂੰ ਏਨੀ ਕੁ ਜਾਣਕਾਰੀ ਅਤੇ ਇਤਿਹਾਸਕ ਸਮੱਗਰੀ ਉਪਲਬਧ ਹੋ ਜਾਂਦੀ ਹੈ ਕਿ ਉਹ ਵਿਰੋਧੀਆਂ ਦੇ ਉਟੰਕਣਾਂ ਦਾ ਮੂੰਹ-ਤੋੜਵਾਂ ਉੱਤਰ ਦੇਣ ਦੇ ਸਮਰੱਥ ਹੋ ਜਾਂਦਾ ਹੈ।

(੬) ਸਮੁੱਚੀ ਖੋਜ ਦਾ ਅਨੰਦ ਤਾਂ ਪੁਸਤਕ ਨੂੰ ਵਾਚਣ ਤੇ ਹੀ ਮਾਣਿਆ ਜਾ ਸਕਦਾ ਹੈ, ਇਸ ਵਿਚੋਂ ਟੂਕ ਮਾਤ੍ਰ ਵੰਨਗੀ, ਥੱਲੇ ਸੁਹਿਰਦ ਪਾਠਕਾਂ ਦੀ ਦਿਲਚਸਪੀ ਲਈ ਅੰਕਤ ਹੈ। —'ਸੂਰਾ' ਪਰਵਾਰ

## ਪੀਪਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ–

ਪੀਪਾ ਜੀ ਦਾ ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਮੇਲ 'ਡੋਡਾ' (ਰਾਜਿਸਥਾਨ) ਵਿਚ ਹੋਇਆ। ਇਸ ਮੇਲ ਦਾ ਪ੍ਰਸੰਗ ਅਨੰਤ ਦਾਸ (ਵੈਸ਼ਣਵ) ਨੇ ਲਿਖਿਆ ਹੈ। ਅਨੰਤ ਦਾਸ ਪੀਪਾ ਜੀ ਦਾ ਰਿਸ਼ਤੇ ਵਿਚ ਪੋਤਰਾ ਸੀ। ਰਾਜਿਸਥਾਨ ਵਿਚ ਝਾਲਾਵਾਰ ਖੇਤਰ ਵਿਚ ਗਗਨੌਰ ਗੜ੍ਹ ਛੋਟੀ ਜਿਹੀ ਰਿਆਸਤ ਸੀ। ਪੀਪਾ ਉਸ ਦਾ ਰਾਜਾ ਸੀ। ਜਿਨ੍ਹਾਂ ਦਾ ਸਮਾਂ ੧੫੮੦ ਤਕ ਮੰਨਿਆ ਗਿਆ ਹੈ। ਪੀਪਾ ਦੀਆਂ ੧੬ ਰਾਣੀਆਂ ਦੱਸੀਆਂ ਹਨ। ਪ੍ਰਿਯਾ ਰਾਣੀ ਦਾ ਨਾਮ ਸੀਤਾ ਸੀ, ਜਿਸ ਦੀ ਸੁੰਦਰਤਾ ਅਤੇ ਆਕਰਸ਼ਤ ਹਸਤੀ ਕਈ ਵਾਰੀ ਪਤੀ ਪਤਨੀ ਦੋਵਾਂ ਲਈ ਦੁਖਦਾਈ ਬਣੀ। ਪਰ ਸਤਵੰਤੀ ਸਤੀ ਨੇ ਪੀਪਾ ਜੀ ਨਾਲ, ਜਦੋਂ ਉਹ ਬੁਢੇ ਭੀ ਹੋ ਗਏ, ਸਾਥ ਨਿਭਾਇਆਂ। ਪੀਪਾ ਜੀ ਰਾਜ ਛੱਡ ਕੇ ਭਗਤ ਬਣੇ, ਪਤਨੀ ਭੀ ਨਾਲ ਭਗਤਣੀ ਬਣ ਕੇ ਸੰਸਾਰ ਤਿਆਗ ਕੇ ਦੁੱਖ ਭੋਗਦੀ ਰਹੀ।

ਪੀਪਾ ਜੀ ਨੇ ਆਪਣੇ ਰਾਜ-ਕਾਲ ਸਮੇਂ ਰਾਮਾਨੰਦ ਜੀ ਨੂੰ ਆਪਣੇ ਨਗਰ 'ਗਗਨੌਰ' ਸਦਿਆ ਸੀ, ਜਿਸ ਵਿਚ ਭਗਤ-ਮਾਲ ਅਨੁਸਾਰ ੪੦ ਸ਼ਿਸ਼ ਸਨ, ਜਿਹਨਾਂ ਵਿਚ ਕਬੀਰ ਰਵਿਦਾਸ ਜੀ ਭੀ ਸਨ। ਗਗਨੌਰ ਪੁਜੇ ਤਾਂ ਸੁਆਗਤ ਹੋਇਆ :

ਪ੍ਰਭੁ ਨਿਜ ਪ੍ਰਣ ਕੋ ਪ੍ਰਤਪਾਲੀਏ ਸੁਣ ਗੁਰ ਆਏ ਭੂਪ ਪੁਰ।
ਸੰਗ ਲੀਏ ਕਬੀਰ ਰੈਦਾਸ ਸਭ ਆਗੇ ਹੈਵ ਨਿਪਲੀਨ ਗੁਰ। (ਭਗਤ ਮਾਲ ਨਾਭਾ ਜੀ)


www.AKJ.Org

ਸ: ਨਿਹਾਲ ਸਿੰਘ ਸੂਰੀ ਨੇ ਇਕ ਪੁਸਤਕ, ਜੋ ਅਨੰਤ ਦਾਸ ਦੀਆਂ ਪਰਚਈ ਦੀ ਹੀ ਇਕ ਲਿਖਤੀ ਪੱਤਰੀ, ਮੈਕਾਲਫ਼ ਸਾਹਿਬ ਨੂੰ ਭੇਜੀ ਸੀ। ਮੈਕਾਲਫ਼ ਜੀ ਉਸ ਸਮੇਂ 'ਸਿਖ ਰੀਲੀਜਨ' ਕਿਤਾਬ ਲਿਖ ਰਹੇ ਸਨ। ਪੁਸਤਕ ਲਿਖ ਕੇ ਮੈਕਾਲਫ਼ ਜੀ ਨੇ ਅਸਲ ਕਾਪੀ ਵਾਪਸ ਕੀਤੀ। ਉਸ ਪਿਛੋਂ ਸ: ਨਿਹਾਲ ਸਿੰਘ ਜੀ ਨੇ 'ਕਬੀਰ' ਕਿਤਾਬ ਦੀ ਰਚਨਾ ਕੀਤੀ। ਉਸ ਵਿਚ ਪੀਪਾ ਜੀ ਪਾਸ ਜਾਣ ਵਾਲਿਆਂ ਮੁਖੀਆਂ ਵਿਚ ਪੰਜ ਭਗਤਾਂ ਦੇ ਨਾਮ ਦਿਤੇ ਹਨ। ਜਿਨ੍ਹਾਂ ਵਿਚ ਨਾਮੇ (ਨਾਮਦੇਉ) ਦਾ ਨਾਮ ਭੀ ਹੈ:

ਰਵਿਦਾਸ ਕਬੀਰ ਨਾਮਾ ਸੰਗ ਲੀਆ। ਸ੍ਰੀ ਰਾਮਾਨੰਦ ਪਿਆਨਾ ਕੀਆ।
ਚਲਿਆ ਆਇਓ ਪੀਪਾ ਜਹਾਂ ਕਹਾ।
ਨਾਗੇ ਪਾਏ ਤਹਾਂ ਉਠ ਧਾਇਆ। ਪਰਸਤ ਚਰਨ-ਪਿਆਸ ਬੁਝਾਇਆ।
ਸਕਲ ਦਿਵਸ ਸੇਵਾ ਕਰੀ ਨਿਮ੍ਰ ਭੂਤ ਹੋਇ ਦਾਸ। ਜੋ ਸਵੈ ਤਿਸ ਹੋਤ ਹੈ ਊਧਾ ਕਵਲ ਵਿਗਾਸ।
ਭਈ ਰੈਨ ਤਬ ਚੰਦ੍ਰ ਪ੍ਰਕਾਸਾ। ਪਾਂਚਉ ਏਕ ਹੋਇ ਬੈਠੇ ਪਾਸਾ।

ਪੰਜੇ ਭਗਤ ਇਕ ਪਾਸੇ ਹੋ ਕੇ ਬੈਠਣ ਵਾਲੇ ਕੌਣ ਕੌਣ ਸਨ: ਰਾਮਾਨੰਦ, ਕਬੀਰ, ਰਵਿਦਾਸ, ਪੀਪਾ, ਪੰਜਵੇਂ ਨਾਮਦੇਵ ਜੀ ਸਨ। ('ਕਬੀਰ', ਨਿਹਾਲ ਸਿੰਘ ਸੂਰੀ, ਸਫ਼ਾ ਪ੩-੧੯੧੭)

ਰਾਜ-ਕਾਲ ਤੋਂ ਉਪਰਾਮ ਹੋ ਕੇ ਪੀਪਾ ਜੀ ਆਪਣੀ ਪਤਨੀ ਸਮੇਤ ਵਿਚਰਦੇ ਹੋਏ ਰਾਜਸਥਾਨ ਦੇ 'ਟੋਡਾ' ਨਗਰ ਪੁਜੇ, ਉਥੇ ਇਕ ਮੰਦਰ ਵਿਚ ਰਹਿਣ ਲਗ ਪਏ। 'ਟੋਡਾ' ਨਗਰ ਦੇ ਰਜਵਾੜੇ ਜਾਂ ਰਾਜੇ ਦਾ ਨਾਮ ਸੂਰ ਸੈਨ ਸੀ। ਪੀਪਾ ਜੀ ਦੀਆਂ ਚਮਤਕਾਰੀ ਘਟਨਾਵਾਂ ਅਤੇ ਤਪ ਵੈਰਾਗ ਦੀ ਜ਼ਿੰਦਗੀ ਤੋਂ ਪ੍ਰਭਾਵਤ ਹੋ ਕੇ ਰਾਜਾ ਸੂਰ ਸੈਨ ਨੇ ਪੀਪਾ ਜੀ ਤੋਂ ਦੀਖਿਆ ਲੈ ਲਈ।

ਅਨੰਤ ਦਾਸ ਦੇ ਪੰਜੀਵੇਂ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਵਰਨਣ ਹੈ। ਪੁਸ਼ਕਰ ਤੋਂ ਕਾਂਸ਼ੀ ਨੂੰ ਜਾਂਦੇ ਯਾਤ੍ਰੀਆਂ ਅਤੇ ਸਾਧੂਆਂ ਦਾ ਕਾਫ਼ਲਾ 'ਟੋਡਾ' ਨਗਰ ਵਿਖੇ ਪੀਪਾ ਜੀ ਕੋਲ ਪੁਜਿਆ। ਯਾਤ੍ਰੀਆਂ ਦਾ ਖ਼ਰਚ ਮੁਕ ਚੁਕਿਆ ਸੀ। ਉਸ ਵੇਲੇ ਯਾਤ੍ਰੀ ਮੰਡਲੀ ਬਣਾ ਕੇ ਪੈਂਡੇ ਤਹਿ ਕਰਦੇ ਹੁੰਦੇ ਸਨ। ਇਕੱਲੇ ਦੁਕੱਲੇ ਨੂੰ ਜੰਗਲ ਤੇ ਭੀਹਾਵਲੇ ਰਾਹ ਪਾਰ ਕਰਨੇ ਔਖੇ ਹੁੰਦੇ ਸੀ, ਕਈ ਵਾਰ ਪ੍ਰਤਿਸ਼ਟ ਹਸਤੀਆਂ ਤੋਂ ਪ੍ਰਦਿਯ ਪੱਤਰ ਜਾਂ ਰਾਹਦਾਰੀ ਭੀ ਪ੍ਰਾਪਤ ਕੀਤੀ ਜਾਂਦੀ ਸੀ।

'ਟੋਡਾ' ਵਿਚ ਯਾਤ੍ਰੀਆਂ ਦਾ ਕਾਫ਼ਲਾ ਆਇਆ। ਮੰਡਲੀ ਵਿਚ ਪੰਜ ਨਦ ਪੰਜਾਬ ਦਾ ਇਕ ਜੁਆਨ ਸਾਧੂ ਗੁਰੂ ਨਾਨਕ, ਸਭ ਤੋਂ ਪ੍ਰਭਾਵਸ਼ੀਲ ਸੀ। ਅਨੰਤ ਦਾਸ ਜੀ ਨੇ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਲਿਖਿਆ ਹੈ:

ਪੁਹਕਰ ਚਲੈ ਦੂਰਿ ਕੈ ਜਾਤੀ। ਬਹੁਤ ਨਿਸ਼ ਰਚੇ ਮਿਲੈ ਸੰਘਾਤੀ।
ਤੇ ਟੋਡਾ ਮਹਿ ਨਿਕਸੈ ਆਈ। ਪੀਪਹਿ ਆਪਨੀ ਪੀਰ ਜਨਾਈ।੬੮੮।
ਸਵਾਮੀ ਖਰਚੇ ਹਮਰੇ ਨਾਹਿ। ਦੇਹੁ ਕਛੁ ਤੌ ਕਾਸ਼ੀ ਜਾਹਿ।
ਤੁਮ ਕਹੀਅਤ ਸਬ ਹੀ ਕੈ ਦਾਤਾ। ਅਵਰੁ ਨ ਕੋਈ ਬੂਝੇ ਬਾਤਾ।੬੮੯।
**ਤਿਨਹਿ ਏਕ ਜੁਵਜਨ ਫਕੀਰੀ ਬਾਨੈ। ਪੰਚਨਦ ਦਿਸਿ ਯਹੁ ਪੀਪਾ ਪਹਿਚਾਨੈ।**
**ਗੈਰੂ ਬਰਣ ਮਦਮਾਤੇ ਨੈਨਾ। ਰਾਮ ਰਸ ਚਾਖੈ ਨਿਤ ਉਹ ਬੈਨਾ।੬੯੦।**
**ਕਰਿ ਸਵਾਗਤ ਮਿਲੈ ਉਰ ਲਾਗੀ। ਤ੍ਰਿਬਿਧ ਤਾਪ ਦਰਸ਼ਨ ਤੇ ਭਾਗੀ।**
**ਨੈਨ ਸਿਰਾਨੈ ਤਾਪ ਬੁਝਾਈ। ਰਾਮ ਜਨ ਭੇਟੇ ਰਿਦੈ ਜੁੜਾਈ।੬੯੧।**
**ਫਿਰ ਪਹਿਰਾਔ ਪੁਹਪਨ ਕੋ ਹਾਰੂ। ਤਿਲਕ ਦਿਯੋ ਪਾਂਛੇ ਕੀਰਤਨ ਬਿਯੋਹਾਰੂ॥**
**ਝਾਲ ਪਖਾਵਜ ਤਾਲ ਮਿਰਦੰਗਾ। ਕੀਰਤਨ ਰਸੈ ਰਾਗ ਰਸਰੰਗਾ।**
**ਪਾਤੀ ਲਿਖ ਜੁਬਜਨ ਪਰਚੈ ਦੀਨੋ। ਸਬੁ ਜਾਤਿ ਜਨ ਪਤਿਆਰੋ ਕੀਨੋ।੬੯੨।**
(ਸਫ਼ਾ ੧੫੯, ਤੀਰਥ ਯਾਤ੍ਰੀਯੋਂ ਕੀ ਸਹਾਇਤਾ, ਪਰਚਈ ਅਨੰਤ ਦਾਸ)


[ਬਾਕੀ ਦੇਖੋ ਸਫ਼ਾ ੩੮ ਹੇਠ]

www.AKJ.Org

# 'ਜਪੁ' ਜੀ ਵੀਚਾਰ

[ਸ: ਸੁਰਿੰਦਰ ਸਿੰਘ ਜੀ ਮਤਿਵਾਲ, ਅੰਮ੍ਰਿਤਸਰ]

ਜਪੁ ਜੀ ਸਾਹਿਬ ਇਕ ਸੁਣੱਖਾ ਸੁੰਦਰ ਕਾਵਿ-ਨਿਬੰਧ ਹੈ। ਇਕ-ਲੜੀ ਪ੍ਰੋਤਾ, ਇਕ ਆਸ਼ੇ 'ਸਚਿਆਰਤਾ' ਦੇ ਗਿਰਦ, ਇਕ-ਸਾਰ ਅਕੀਦੇ ਨਾਲ ਚਲਦਾ ਹੈ। ਪ੍ਰਭਾਵ-ਸ਼ਾਲੀ ਵਿਉਂਤ ਵਿਚ ਪਰੁੱਚਾ ਹੈ। ਪਾਠਕਾਂ ਨੂੰ ਮੁਗਧ ਕਰਨ ਸਮਰੱਥ ਹੈ। ਪੜ੍ਹਨ ਵਾਲੇ ਦੇ ਪਲੇ ਇਕ ਨਿਗਰ ਵਸਤੂ ਛਡ ਜਾਂਦਾ ਹੈ। ਆਦਰਸ਼ਕ ਜੀਵਨ-ਜੁਗਤਿ "ਮਨਿ ਜੀਤੈ ਜਗੁ ਜੀਤੁ" ਵਿਚ ਪ੍ਰੋਤਾ ਸੁੰਦਰ ਪੰਨਿਆਂ ਦਾ ਹਾਰ ਹੈ। ਇਸ ਨਿਬੰਧ ਦਾ ਮੁਖ ਮੁੱਦਾ ਹੈ 'ਸਚੁ'—

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਅਤੇ— ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਸੱਚ ਸਰੂਪ ਦਾ ਸੁਭਾਵ ਹੈ 'ਦੇਦਾ ਦੇ' ਅਤੇ 'ਸਭਨਾ ਜੀਆ ਕਾ ਇਕੁ ਦਾਤਾ'। ਇਸ ਦੇ ਉਲਟ ਮਨੁਖ ਦੀ ਖ਼ਾਮੀ ਹੈ 'ਲੈਦੇ ਥਕਿ ਪਾਹਿ'। ਮਨੁੱਖ ਹਉਮੈ ਜਾਂ ਗ਼ਰਜ਼ ਦੇ ਵਸ ਹੋਇਆ ਵਿਸਰ ਜਾਂਦਾ ਹੈ 'ਦਾਤਾਰ' ਨੂੰ।

ਅਕੀਦਾ ਨਿਬੰਧ ਦਾ ਹੈ 'ਕਿਵ ਸਚਿਆਰਾ ਹੋਈਐ' ਅਤੇ 'ਕਿਵ ਕੂੜੈ ਤੁਟੈ ਪਾਲਿ'।

ਸਚਿਆਰ ਮਨੁਖ ਦੀ ਦਿਖ ਸੁਭਾਵਕ ਨਿਰਮਲ ਹੁੰਦੀ ਹੈ। ਨਿਰਮਲ, ਭਾਵ ਸੁੱਚਾ ਜੇ ਕੋਈ ਕੇਵਲ ਸੁੱਚ-ਇਸ਼ਨਾਨ ਦੁਆਰਾ ਹੋ ਸਕੇ ਤਾਂ ਅਜਿਹਾ ਹੋਣਾ ਸੰਭਵ ਹੀ ਨਹੀਂ—

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥੧॥ (ਜਪੁ ਜੀ)

ਅਤੇ— ਬਾਹਰਹੁ ਨਿਰਮਲ ਜੀਅਹੁ ਤ ਮੈਲੇ, ਤਿਨੀ ਜਨਮੁ ਜੂਐ ਹਾਰਿਆ ॥੧੯॥ (ਅਨੰਦੁ ਸਾਹਿਬ)

ਸਾਹਿਬ ਜੀ ਬੜੀ ਹੀ ਪ੍ਰਭਾਵ-ਸ਼ਾਲੀ, ਸੰਖੇਪ ਤੇ ਅਲੰਕਾਰਕ, ਦਿਲ-ਟੁੰਭਵੀਂ ਬੋਲੀ ਚਿ ਚੋਟ ਕਰਦੇ ਹਨ। ਇਕੋ ਪੰਗਤੀ ਵਿਚ ਦ੍ਰਿੜ੍ਹ ਫ਼ੈਸਲਾ-ਕੁਨ ਵੀਚਾਰ ਸਪੱਸ਼ਟ ਹੈ ਕਿ ਭਾਵੇਂ ਕੋਈ ਸੋਚ-ਕਰਮ ਨੂੰ ਲੱਖ ਵਾਰ ਦੁਹਰਾ ਲਵੇ, ਸੁੱਚਤਾ, ਨਿਰਮਲਤਾ, ਪਵਿਤ੍ਰਤਾ ਦਾ ਰਸ ਨਹੀਂ ਮਾਣ ਸਕਦਾ। ਪਰ ਜੋ ਅੰਦਰਹੁ ਹਿਰਦਿਓਂ ਪ੍ਰੇਮ-ਰਤਾ ਹੈ, ਉਸ ਪ੍ਰੇਮ-ਰਤੰਨੇ ਦੀ ਦਿਖ ਆਪਣੇ ਆਪ ਹੀ ਨਿਰਮਲ ਤੇ ਸਵੱਛ ਹੁੰਦੀ ਹੈ। ਕੇਵਲ ਬਾਹਰਲੀ ਸਵੱਛਤਾ ਦੀ ਦੌੜ ਵਿਚੋਂ ਭਟਕਣਾ ਹੀ ਮਿਲਦੀ ਹੈ।

ਸਚਿਆਰ ਮਨੁੱਖ ਅਕੀਦੇ ਚਿ ਪ੍ਰੋਤਾ ਹੋਇਆ, ਭੈ-ਭਾਵਨੀ ਨਾਲ ਸੰਵਾਰਿਆ ਹੋਇਆ, ਦੇਖਣ ਤੇ ਬੋਲਣ ਜਿਹੀ ਸਮਰੱਥਾ ਨੂੰ 'ਸਚੁ' ਤੇ ਕੇਂਦਰਤ ਰਖਦਾ ਹੈ। ਕੇਂਦਰ-ਬਿੰਦੂ ਦੀ ਖਿਚ ਵਿਚ ਆਏ ਹੋਏ ਦੇ ਕੋਲ ਕਿਸੇ ਕਿਸਮ ਦੀ ਭਟਕਣਾ ਜਾਂ ਥਰ-ਥਰਾਟ ਨਹੀਂ ਹੁੰਦੀ।

ਸਾਹਿਬ ਜੀ ਦਰਸਾਂਦੇ ਹਨ ਕਿ ਕੇਵਲ ਭਟਕਣਾ ਨੂੰ ਮੁਕਾਉਣ ਦੀ ਖ਼ਾਤਰ ਜੇ ਕੋਈ ਚੁੱਪ ਸਾਧ ਲਵੇ, ਮੋਨ-ਧਾਰੀ ਹੋ ਜਾਵੇ ਤਾਂ 'ਚੁਪ', ਭਾਵ, ਨਿਰਲੇਪਤਾ ਦਾ ਰਸ (ਸੁਆਦ, ਜ਼ਾਇਕਾ) ਨਹੀਂ ਮਿਲ ਸਕਦਾ। ਇਹ ਰਸ ਵਿਵਰਜਤਾ ਦੇ ਬੰਧਨ ਵਿਚ ਨਹੀਂ ਹੈ। ਸੁੰਦਰ ਤੇ ਸੁਣੱਖੇ ਘੋੜੇ ਨੂੰ ਬਹੁਤੇ ਪੈਖੜ ਚੰਚਲ ਤੇ ਅੜੀਅਲ ਬਣਾਂਦੇ ਹਨ, ਪਰ ਮੰਜ਼ਲੀ ਪਿਆ ਉਹ ਕਿਸੇ ਬੰਨੇ ਝਾਕਦਾ ਤਕ ਨਹੀਂ। ਮੰਜ਼ਲ ਤੋਂ ਬਿਨਾਂ ਜੀਵਨ-ਸਫ਼ਰ ਕਿਸੇ ਲੇਖੇ ਨਹੀਂ। ਆਦੇਸ਼ ਹੈ—

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥

ਸਚਿਆਰ ਪੁਰਖ ਸਬਰ ਦੀ ਸਬੂਰੀ, ਸੰਤੋਖ, ਧੀਰਜ ਤੇ ਠਰ੍ਹੰਮੇ ਦਾ ਸੀਤਲ ਨਿਘ ਹੰਢਾਂਦਾ ਹੈ। ਉਸ ਦੇ ਅੰਦਰ 'ਰੱਜ' ਹੁੰਦਾ ਹੈ। ਤ੍ਰਿਸ਼ਨਾ ਉਸ ਨੂੰ ਪੁੰਹਦੀ ਨਹੀਂ। ਸੁਆਮੀ ਨਾਲ ਲਿਵ ਉਸ ਦੀ ਇਕ-ਰਸ ਬਣੀ ਰਹਿੰਦੀ ਹੈ। ਉਹ ਆਪਣੇ ਜੀਵਨ-ਅਕੀਦੇ ਤੇ ਸਮਰੱਪਤ ਹੋ ਚੁਕਾ ਹੁੰਦਾ ਹੈ। ਕੁਦਰਤੀ ਨਿਯਮ ਅਨੁਸਾਰ ਸਰੀਰ ਦੀ ਲੋੜ, ਮਨ ਦੀ ਲੋੜ, ਆਤਮਾ ਦੀ ਲੋੜ, ਭਾਵ, ਭੁਖ ਨੂੰ ਉਸ ਪਛਾਣ ਲਿਆ ਹੁੰਦਾ ਹੈ ਕਿ "ਏਹਿ ਭਿ ਦਾਤਿ ਤੇਰੀ



www.AKJ.Org

ਦਾਤਾਰ'' ਹੈ। ਭੁਖ ਨਾਲ ਸਿਝਣ ਲਈ 'ਭੁਖੇ ਰਹਿਣਾ' ਜਾਂ ਧਨ-ਦੌਲਤ ਦੇ ਅੰਬਾਰ ਲਾਉਣੇ ਸਕਾਰਥਾ ਨਹੀਂ ਹਨ—

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਭੁਖ ਦੀ ਤੀਬਰਤਾ ਨੂੰ ਸਿਝਣ ਲਈ ਇਹ ਦੋਵੇਂ ਢੰਗ ਕਸੂਤੇ ਹਨ, ਜੋ ਤਾਂਘ ਵਾਲੀ ਬ੍ਰਿਤੀ ਵਿਚੋਂ ਉਪਜਦੇ ਹਨ। ਤ੍ਰਿਸ਼ਨਾ ਤਾਂ ਭੁਖ ਦੀ ਜਨਮ-ਦਾਤੀ ਹੈ। ਭੁਖ ਮਿਟਾਉਣ ਲਈ ਜਿੰਨੇ ਵਧੀਕ ਸੁਆਦਿਸ਼ਟ ਭੋਜਨ ਕੋਈ ਖਾਂਦਾ ਹੈ, ਉਸ ਦੀ ਹੋਰ ਸੁਆਦੀ ਭੋਜਨ ਖਾਣ ਦੀ ਇਹ ਤ੍ਰਿਖਾ ਤੀਬਰ ਵਧਦੀ ਜਾਂਦੀ ਹੈ। ਹਉਮੈ ਦੀ ਭੁਖ ਦਾ ਗ੍ਰਸਿਆ ਜੀਵ ਆਪਣੇ ਵਿਸਥਾਰ ਵਿਚ ਮਿਲਖਾਂ ਇਕੱਠੀਆਂ ਕਰਦਾ ਹੈ, ਪਰ ਇਹ ਇਕੱਠਾ ਕਰਨ ਦੀ ਭੁਖ ਹੋਰ ਹੋਰ ਮਚਦੀ ਹੈ—

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥੫॥

[ਸੁਖਮਨੀ ਸਾਹਿਬ, ਅਸਟਪਦੀ ੧੨

ਇਸੇ ਤਰ੍ਹਾਂ ਪ੍ਰਭਾਵ-ਖੇਤਰ ਵਿਚ ਜਦੋਂ ਉਹ ਚਾਕਰਾਂ ਤੇ ਆਪਣਾ ਪ੍ਰਭਾਵ ਪਾਉਣਾ ਚਾਹੁੰਦਾ ਹੈ ਤਾਂ ਹਉਮੈ ਦੇ ਤਾਣ ਜੀਵ ਦੀ ਇਹ ਇਛਾ ਹੁੰਦੀ ਹੈ ਕਿ ਕੋਈ ਉਸ ਦੀ ਹੁਕਮ-ਅਦੂਲੀ ਨਾ ਕਰੇ। ਹਉਮੈ ਪਸਰਦੀ ਹੈ, ਪਲ੍ਹਰਦੀ ਹੈ। ਹਉਮੈ ਦੀ ਕੈਦ ਵਿਚ ਫਾਥਾ ਜੀਵ ਛੋਟਾ ਹੁੰਦਾ ਜਾਂਦਾ ਹੈ। ਉਹ ਅਕਾਲ ਪੁਰਖ ਸੁਆਮੀ ਤੋਂ ਅਤੇ ਉਸ ਦੀਆਂ ਅਮੋਲਕ ਦਾਤਾਂ ਤੋਂ ਵੰਚਤ ਹੁੰਦਾ ਜਾਂਦਾ ਹੈ।

'ਭੁਖ' ਆਪਣੇ ਸਾਧਾਰਨ ਰੂਪ ਵਿਚ ਮਨੁੱਖ ਦਾ ਵਿਰਸਾ ਹੈ, ਉਦਮ ਅਤੇ ਮਨੁਖ ਦੇ ਸੰਜੋਗੀ ਰਿਸ਼ਤੇ ਜੋ ਬਹਾਲ ਹਨ, ਉਨ੍ਹਾਂ ਦੀ ਘਾੜਤ ਦਾ ਮੁੱਢ ਹੈ। 'ਏਹ ਭੀ ਦਾਤਿ ਤੇਰੀ ਦਾਤਾਰ' ਹੈ। ਇਹ ਭੁਖ ਹੈ, ਅਤੇ—

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਭੁਖੇ ਰਹਿਆਂ ਜਾਂ ਵਰਤ ਰਖਿਆਂ ਭੁਖ ਨਹੀਂ ਦੂਰ ਹੁੰਦੀ ਅਤੇ ਨਾ ਹੀ ਇਹ ਨਵਿਰਤ ਹੁੰਦੀ ਹੈ। ਸਾਰੀਆਂ ਪੁਰੀਆਂ ਦਾ ਬਲ ਇਕੋ ਵਾਰ ਮਿਲ ਜਾਣ ਤੇ ਭੀ ਭੁਖ ਨਹੀਂ ਮਿਟ ਸਕਦੀ। ਪਰ ਜਦ ਇਹ ਭੁਖ ਅਨੁਭਵੀ ਰੂਪ ਵਿਚ ਸਾਚੇ-ਪ੍ਰਭੂ ਦੀ 'ਬਿਰਹਾ' ਰੂਪ ਵਿਚ ਆ ਜਾਵੇ, ਅਤੇ—

ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ (ਰਹਰਾਸਿ ਸਾਹਿਬ)

ਫਿਰ ਪ੍ਰਭੂ-ਵਿਜੋਗ ਵਿਚ ਉਤਪੰਨ ਹੋਈ ਭੁਖ ਲਗਣ ਨਾਲ ਸਾਰੇ ਦੁਖ ਤੇ ਦਰਿਦਰ ਨਵਿਰਤ ਹੋ ਜਾਂਦੇ ਹਨ।

ਸਚਿਆਰਤਾ ਵਿਚ ਜੀਣ ਵਾਲਾ ਸੰਤੁਸ਼ਟ ਮਨੁਖ ਸੰਜਮੀ, ਨਿਰਮਲ ਅਤੇ ਸੋਝੀਵਾਨ ਹੁੰਦਾ ਹੈ। ਉਸ ਦੀ ਮਨ-ਬੁਧੀ ਅੰਦਰੋਂ ਪ੍ਰਫੁਲਤ ਹੁੰਦੀ ਹੈ, ਜਿਸ ਕਰਕੇ ਉਸ ਨੂੰ ਸਦਾ ਸ੍ਰੇਸ਼ਟ ਤੇ ਉਤਮ ਵੀਚਾਰ ਹੀ ਸਫੁਰਨ ਹੁੰਦੇ ਹਨ। ਉਸ ਦੇ ਅੰਦਰ ਸੁਆਮੀ ਆਪ ਰਾਹਬਰ ਹੋ ਕੇ ਵਰਤ ਰਿਹਾ ਹੁੰਦਾ ਹੈ ਅਤੇ ਉਸ ਪਾਸੋਂ ਸੁੰਦਰ ਵਰਤਾਰੇ ਵਰਤਾਉਂਦਾ ਹੈ। ਉਹ ਸੰਸਾਰ ਦੀ ਬਾਹਰਲੀ ਖੇਡ ਦੇਖਦਾ ਹੈ, ਪਰ ਉਹ ਅੰਤਰ-ਆਤਮੇ ਅੰਦਰਲੇ ਪ੍ਰਕਾਸ਼ ਨੂੰ ਮਾਣਦਾ ਹੈ। ਉਸਦੇ ਅੰਦਰ ਸਹੁ-ਸਾਈਂ ਦਾ ਸੱਚਾ-ਸੁੱਚਾ ਆਸਰਾ ਹਰ ਦਮ ਬਣਿਆ ਰਹਿੰਦਾ ਹੈ। ਉਹੀ ਆਸਰਾ ਹਰ ਪਲ, ਹਰ ਘੜੀ, ਹਰ ਸਮੇਂ ਉਸ ਦਾ ਸਹਾਈ ਹੁੰਦਾ ਹੈ ਅਤੇ ਕਦੇ ਡੋਲਣ ਨਹੀਂ ਦੇਂਦਾ। ਬਾਹਰਲੀ ਸਿਆਣਪ ਜਾਂ ਚਤੁਰਾਈ ਆਦਿ ਦੀ ਉਸ ਨੂੰ ਮੁਥਾਜਗੀ ਨਹੀਂ ਹੁੰਦੀ। ਉਸ ਦੀ ਜੀਵਨ-ਖੇਡ ਸਾਈਂ ਦੇ ਭਾਣੇ ਵਿਚ, ਰਜ਼ਾ ਵਿਚ, ਉਸ ਦੀ ਮਉਜ ਵਿਚ ਹੀ ਸਹਿਜ ਸੁਭਾ ਖੇਡੀ ਜਾ ਰਹੀ ਹੁੰਦੀ ਹੈ। ਉਸ ਦਾ ਜੀਵਨ ਸਫਲ ਹੈ, ਅਰਥ ਭਰਪੂਰ ਹੈ। ਪਰ ਉਸ ਦੇ ਸਾਹਵੇਂ ਹੈ ਉਸ ਸਾਕਤ ਦੀ ਆਰਜਾ, ਜੋ ਰੱਬ ਜੀ ਨਾਲੋਂ ਟੁੱਟਾ ਹੋਇਆ ਅਤੇ ਮਾਇਆ-ਮੋਹ ਦੀਆਂ ਸਿਆਣਪਾਂ ਵਿਚ ਉਲਝਿਆ ਪਿਆ ਹੈ। ਅਜਿਹੇ ਸਾਕਤ ਪੁਰਸ਼ ਬਾਰੇ ਸੁਖਮਨੀ ਸਾਹਿਬ ਵਿਚ ਫੁਰਮਾਨ ਹੈ :

ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥

ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥੬॥੫॥

ਬਹੁਤੀਆਂ ਸਿਆਣਪਾਂ ਅਤੇ ਜੁਗਤੀਆਂ ਨਾਲ ਇਕਾਗਰਤਾ ਨਹੀਂ ਪ੍ਰਾਪਤ ਹੋ ਸਕਦੀ, ਸਗੋਂ ਇਨ੍ਹਾਂ ਵਿਚੋਂ ਭਟਕਣਾ ਹੀ ਲਭਦੀ ਹੈ। ਕੋਈ ਚਾਤੁਰ ਮਨੁਖ ਅਨੇਕਾਂ ਜੁਗਤੀਆਂ ਦਾ ਜਾਣੂ ਹੋਵੇ ਤਾਂ ਵੀ ਉਸ ਦੀਆਂ ਹਜ਼ਾਰਾਂ


www.AKJ.Org

ਲੱਖਾਂ ਉਕਤੀਆਂ ਜੁਗਤੀਆਂ ਕਿਸੇ ਲੇਖੇ ਨਹੀਂ, ਜੇਕਰ ਉਹ ਸਾਈਂ ਦੀ ਪ੍ਰੀਤ ਤੋਂ ਕੋਰਾ ਹੈ। ਸਾਈਂ ਦੀ ਪ੍ਰੀਤ ਤੋਂ ਬਿਨਾਂ ਕੋਈ ਸਿਆਣਪ, ਉਕਤੀ ਜੁਗਤੀ ਸਹਿਯੋਗੀ ਨਹੀਂ ਹੋ ਸਕਦੀ। ਇਹ ਸਹਸ ਸਿਆਣਪਾਂ ਨਿਰਾ ਹਉਮੈ ਦਾ ਪਸਾਰਾ ਹੈ। ਇਹਨਾਂ ਨਾਲ ਹਉਮੈ ਦੀ ਪਾਲ (ਕੰਧ) ਹੀ ਖੜੀ ਕਰਨੀ ਹੈ। ਹਉਮੈ ਕਰਕੇ ਗੁਣਾਂ ਨਾਲ ਸਾਂਝ ਨਹੀਂ ਬਣ ਸਕਦੀ, ਸਗੋਂ ਜੀਵ ਅਉਗੁਣ ਹੀ ਵਿਹਾਝਦਾ ਹੈ।

ਅਵਗੁਣਾਂ ਤੇ ਕੂੜ ਕਪਟ ਤੋਂ ਛੁਟਕਾਰਾ ਪਾਉਣ ਲਈ ਸਚਿਆਰ ਹੋਣਾ ਲਾਜ਼ਮੀ ਹੈ। ਸਚਿਆਰਤਾ ਦੀ ਕੁੰਜੀ ਹੈ–ਸਹਸ ਸਿਆਣਪਾ ਤੋਂ ਛੁਟਕਾਰਾ ਪਾਇਆ ਜਾਏ। ਸਚਿਆਰਤਾ ਦੇ ਸ਼ਾਹ ਰਾਹ ਤੇ ਤੁਰਿਆਂ ਹੀ ਹਉਮੈ ਦੇ ਬੰਧਨਾਂ ਤੋਂ ਖਲਾਸੀ ਪਾਈ ਜਾ ਸਕਦੀ ਹੈ। ਸਚਿਆਰਤਾ ਨੂੰ ਆਪਣਾ ਆਪ ਅਰਪਣ ਕੀਤਿਆਂ ਹੀ ਸਾਈਂ ਦੀ ਰਜ਼ਾ ਵਿਚ, ਸਾਈਂ ਦੇ ਅਦਬ ਵਿਚ ਇਕ-ਰਸ ਸਹਿਜ-ਜੀਵਨ ਜੀਵਿਆ ਜਾ ਸਕਦਾ ਹੈ। ਜਿਥੇ ਬਾਹਰਲੀਆਂ ਸਿਆਣਪਾਂ ਚਤੁਰਾਈਆਂ ਵਿਚ ਜੀਵਿਆ ਜੀਵਨ ਅਜਾਈਂ ਜਾਂਦਾ ਹੈ, ਉਥੇ ਪ੍ਰਭੂ ਦੇ ਭਾਣੇ ਵਿਚ ਜੀਵਿਆ ਥਾਇ ਪੈਂਦਾ ਹੈ, ਲੇਖੇ ਲਗਦਾ ਹੈ। ਇਸ ਨਾਲ ਸੁਖਾਵੀਂ ਜ਼ਿੰਦਗੀ ਜੀਣ ਦਾ ਪੈਂਤੜਾ ਬਝਦਾ ਹੈ ਅਤੇ ਸਹਿਜ-ਸੁਖ ਦਾ ਨਿਵਾਸ ਹੁੰਦਾ ਹੈ। ਇਸੇ ਕਰਕੇ ਫ਼ੁਰਮਾਨ ਹੈ:

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਪਰ– ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (ਜਪੁਜੀ)

ਸਚਿਆਰ ਜ਼ਿੰਦਗੀ ਦਾ ਆਦਿ ਤੇ ਅੰਤ, ਸਭ ਕੁਝ, ਸਾਈਂ ਦੇ ਭਾਣੇ ਵਿਚ ਰਹਿਣ ਦੇ ਸੁਨਹਿਰੀ ਸਿਧਾਂਤ ਨੂੰ ਹੰਢਾਣ ਵਿਚ ਹੀ ਗੁਪਤ ਹੈ। ਇਸੇ ਹੁਕਮ ਵਿਚ ਵਿਚਰਨ ਨਾਲ ਹੀ ਜੀਵ ਦੇ ਪਲੇ ਪਿਆ ਪਿਛਲਾ 'ਕੂੜ' ਬਲ-ਹੀਨ ਹੋ ਨਿਬੜਦਾ ਹੈ ਅਤੇ ਉਤਮ ਤੇ ਸਰੇਸ਼ਟ ਜੀਵਨ ਦਾ ਆਰੰਭ ਹੁੰਦਾ ਹੈ। ਸਹਿਜ ਸੁੱਖ ਅਤੇ ਪ੍ਰਭੂ-ਪਿਆਰ ਦਾ ਅਰੰਭ ਇਥੋਂ ਹੀ ਬਝਦਾ ਹੈ ਅਤੇ ਪ੍ਰਭੂ ਦੇ ਹੁਕਮ ਦੀ ਸੋਝੀ ਹੋ ਆਉਂਦੀ ਹੈ:

ਪਰੇ ਸਰਨਿ ਆਨ ਸਭ ਤਿਆਗਿ। ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥੨॥੨੦॥
[ ਚਲਦਾ ] (ਗਉੜੀ ਸੁਖਮਨੀ ਮ: ੫)

---

[ਸਫ਼ਾ ੩੫ ਦੀ ਬਾਕੀ]

ਸੰਪਾਦਕ ਨੇ ਇਸ ਸੰਬੰਧੀ ਨੋਟ ਦਿਤਾ ਹੈ: ਇਨ ਹਰਿ ਭਗਤ ਯਾਤ੍ਰੂਓਂ ਕਾ ਮਾਰਗ ਵਯਯ ਸਮਾਪਤ ਹੋ ਚੁਕਾ ਥਾ। ਇਨ ਹਰਿ ਭਗਤ ਯਾਤ੍ਰੂਓਂ ਮੇਂ ਇਕ ਗੌਰਵਰਣ (ਗੋਰੇ ਰੰਗ ਦਾ) ਯੁਵਕ ਫ਼ਕੀਰ ਭੀ ਥਾ। ਉਸ ਕੇ ਨੇਤ੍ਰ ਬ੍ਰਹਿਮ ਅਨੁਭਵਿ ਮੇਂ ਮਦ ਮਸਤ ਥੇ। ਔਰ ਉਸ ਕੀ ਜ਼ੇਹਵਾ ਪ੍ਰਤਿ ਛਿਣ ਰਾਮ ਨਾਮ ਕਾ ਰਸਵਾਦਨ ਕਰਤੀ ਥੀ। ਵਹਿ ਯੁਵਾ ਫ਼ਕੀਰ ਪੰਜ ਨਦ ਸੇ ਪੁਸ਼ਕਰ ਤੀਰਥ ਪਰ ਯਾਤਰੂਓਂ ਮੇਂ ਸੰਮਿਲਤ ਹੂਆ ਥਾ। ਪੀਪਾ ਨੇ ਸਭੀ ਹਰਿ ਭਕਤੋਂ ਕਾ ਸਵਾਗਤ ਕੀਆ ਗਲੇ ਮਿਲੇ ਹਿਰਦਾ ਸ਼ਾਂਤ ਹੋ ਗਯਾ। ਯਹ ਯੁਵਕ ਫ਼ਕੀਰ ਕੀ ਮਾਲ ਤਿਲਕ ਸੇ ਵਿਸ਼ੇਸ਼ ਸਵਾਗਤ ਕੀਆ। ਪਖਾਵਜ ਔਰ ਲੈ ਤਾਲ ਪਰ ਕੀਰਤਨ ਹੂਆ। ਯੁਵ ਜਨ ਫ਼ਕੀਰ ਗੁਰੂ ਨਾਨਕ ਹੀ ਥੇ, ਜਿਨ ਕੀ ਪ੍ਰਥਮ ਉਦਾਸੀ ੧੫੫੨-੫੩ ਦੇ ਲਗ ਭਗ ਆਰੰਭ ਹੋਤੀ ਹੈ, ਪੀਪਾ ਕਾ ਸਮਯ ੧੪੮੨-੧੫੮੦ ਬਿਕ੍ਰਮੀ ਹੈ।

(ਸਫ਼ਾ ੮੫, ਭਕਤ ਰਤਨਾਵਲੀ ਟੀਕਾ ਪਰਚੀ ਅਨੰਤ ਦਾਸ, ਡਾਕਟਰ ਬੀ.ਪੀ. ਸ਼ਰਮਾ, ਚੰਡੀਗੜ੍ਹ)

ਨੋਟ: ਸ੍ਰੀ ਅਨੰਤ ਦਾਸ ਭਗਤ ਪੀਪਾ ਜੀ ਦੇ ਪੋਤਰੇ ਸਨ। ਇਹਨਾਂ ਵਲੋਂ ਲਿਖੀ ਪੁਸਤਕ "ਅਨੰਤਦਾਸ ਦੀਆਂ ਪਰਚੀਆਂ" ਵਲਾਇਤ ਵਿਚ ਪਈ ਹੋਈ ਹੈ, ਜਿਸ ਤੋਂ ਉਪਰਲਾ ਸਮਾਚਾਰ ਪ੍ਰਾਪਤ ਕੀਤਾ ਗਿਆ ਹੈ।

---

**ਸੁਲਤਾਨਪੁਰ ਲੋਧੀ ਸਮਾਗਮ** ਤੇ ਇਕ ਡਾਇਰੀ (ਕੁਝ ਮਾਇਆ ਸਮੇਤ) ਅਤੇ ਇਕ ਐਨਕ ਜਿਸ ਸਜਣ ਦੀ ਭੁਲ ਗਈ ਹੈ, ਉਹ ਭਾਈ ਬਲਵੰਤ ਸਿੰਘ ਜੀ ਖਾਲਸਾ, ਕਾਂਸੀ ਨਗਰੀ, ਫ਼ੀਰੋਜ਼ਪੁਰ ਸ਼ਹਿਰ ਤੋਂ ਲੈ ਲਵੇ ਜੀ



www.AKJ.Org

# 'ਸਤਿਗੁਰ ਸੰਗਿ ਨਾਹੀ ਮਨੁ ਡੋਲੈ'

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ...॥੭॥ [ਭੈਰਉ ਮ: ੩, ਪੰਨਾ ੧੦੫੪

—੧—

ਇਸ ਦੁਪੰਗਤੀ ਵਿਚ ਇਕ ਬੀਤੀ ਹੋਈ ਘਟਨਾ ਦਾ ਇਤਿਹਾਸ ਵੀ ਹੈ ਅਤੇ ਨਾਲ ਹੀ ਇਕ ਅਟੱਲ ਸਚਾਈ ਵੀ। ਇਤਿਹਾਸ ਹੈ ਸ੍ਰੀ ਪ੍ਰਹਿਲਾਦ ਜੀ ਦੇ ਕਸ਼ਟਾਂ ਵਿਚ ਅਡੋਲ ਅਤੇ ਨਿਰਭਉ ਅਵਸਥਾ ਵਿਚ ਰਹਿਣ ਦਾ, ਅਟੱਲ ਸਚਾਈ ਹੈ ਵਾਹਿਗੁਰੂ ਦੇ ਆਪਣੇ ਭਗਤਾਂ ਦੇ ਨਿਕਟ-ਵਰਤੀ ਹੋਣ ਦੀ। ਇਸ ਅਟੱਲ ਸਚਾਈ ਦੇ ਸਦਕੇ ਅਜਿਹਾ ਇਤਿਹਾਸ ਮੁੜ ਮੁੜ ਬਣਦਾ ਰਹਿੰਦਾ ਅਤੇ ਸਮੇਂ ਸਮੇਂ ਵਖ ਵਖ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ। ਇੰਜ ਸਾਧਾਰਨ ਮਨੁਖਾਂ ਦਾ ਇਸ ਅਟੱਲ ਸਚਾਈ ਤੇ ਵਿਸ਼ਵਾਸ ਪੱਕਾ ਹੁੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਰਹਿੰਦੀ ਹੈ। ਜੇ ਇਤਿਹਾਸ ਤਾਜ਼ੀਆਂ ਘਟਨਾਵਾਂ ਦੁਆਰਾ ਮੁੜ ਮੁੜ ਰੂਪਮਾਨ ਨ ਹੋਵੇ ਤਾਂ ਇਸ ਦੇ ਪਿਛੇ ਲੁਕਿਆ ਹੋਇਆ ਰਹੱਸ ਬੇਹਿਆ ਜਿਹਾ ਹੋ ਜਾਂਦਾ ਹੈ।

ਸਿਖ ਇਤਿਹਾਸ ਵਿਚ ਅਜਿਹੀਆਂ ਕਈ ਘਟਨਾਵਾਂ ਦਾ ਵਰਨਣ ਹੈ, ਜੋ ਉਪ੍ਰੋਕਤ ਇਤਿਹਾਸ ਦੇ ਰਹੱਸ ਦੀ ਪੁਸ਼ਟੀ ਕਰਦੀਆਂ ਹਨ। ਇਨ੍ਹਾਂ ਤੋਂ ਜਗਿਆਸੂ ਨੂੰ ਨਿਸਚਾ ਬਝਦਾ ਹੈ ਕਿ ਜਦੋਂ ਮਨੁਖ ਗੁਰੂ-ਪਰਾਇਣ ਹੋ ਜਾਵੇ, ਗੁਰੂ ਸਦਾ ਉਸ ਦਾ ਨਿਕਟ-ਵਰਤੀ ਹੋਇਆ ਰਹਿੰਦਾ ਹੈ। ਗੁਰੂ ਕਈ ਵਾਰੀ ਉਸ ਦੀ ਅਨਜਾਣੇ ਅਤੇ ਅਨ-ਪਛਾਣੇ ਗੁਪਤ ਰੂਪ ਵਿਚ ਰਖਿਆ ਕਰਦਾ ਹੈ ਤੇ ਕਈ ਵਾਰ ਉਸ ਦੇ ਹਿਰਦੇ ਵਿਚ ਪਰਗਟ ਹੋ ਕੇ ਅਤੇ ਆਪਣਾ ਵਸਲ ਬਖਸ਼ ਕੇ। ਨਾਮ-ਪ੍ਰਗਾਸ ਦੀ ਵਿਸਮਾਦੀ ਅਵਸਥਾ ਦੇ ਚਲੂਲੇ ਰੰਗਾਂ ਵਿਚ ਰੰਗ ਕੇ ਗੁਰੂ ਪਾਤਸ਼ਾਹ ਆਪਣੇ ਗੁਰਸਿਖਾਂ ਪਾਸੋਂ ਬਿਖੜੇ ਹਾਲਾਤ ਵਿਚ ਅਜਿਹੀ ਕਰਣੀ ਤੇ ਬਿਖਮ ਘਾਲ ਕਰਵਾਉਂਦਾ ਹੈ ਕਿ ਜਗਤ ਇਕ ਪਾਸੇ ਤਾਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਵੇਖ ਕੇ ਦੰਗ ਰਹਿ ਜਾਂਦਾ ਹੈ ਅਤੇ ਦੂਜੇ ਪਾਸੇ ਪ੍ਰਭਾਵਤ ਅਤੇ ਪ੍ਰੇਰਤ ਵੀ ਹੁੰਦਾ ਹੈ।

—੨—

ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥
[ਗਉੜੀ ਗੁਆਰੇਰੀ ਮ: ੫, ਪੰਨਾ ੧੮੩

ਗੁਰੂ ਆਪਣੇ ਸਿਖ ਦੇ ਸਦਾ ਅੰਗ ਸੰਗ ਵਸਦਾ ਹੈ। ਜਿਹੜਾ ਸਿਖ ਇਕ ਵਾਰੀ ਗੁਰੂ ਦਾ ਹੋ ਗਿਆ, ਗੁਰੂ ਸਦਾ ਉਸਦੀ ਨਿਗਾਹਬਾਨੀ ਕਰਦਾ ਹੈ, ਸਦਾ ਉਸ ਦੀਆਂ ਮੁਸ਼ਕਲਾਂ ਵਿਚ ਸਾਥ ਨਿਭਾਉਂਦਾ ਹੈ। ਇਹ ਗੁਰੂ ਦਾ ਬਿਰਦ ਹੈ।

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
[ਗਉੜੀ ਸੁਖਮਨੀ ਮ: ੫, ਪੰਨਾ ੨੮੬

—੩—

ਗੁਰੂ ਦਾ ਸਿਖ ਗਲੀਂ ਬਾਤੀਂ ਨਹੀਂ ਬਣਿਆ ਜਾਂਦਾ। ਇਸ ਲਈ ਇਕ ਸ਼ਰਤ ਹੈ। ਉਹ ਇਹ ਕਿ ਸਿਖ ਆਪਣਾ ਆਪਾ ਗੁਰੂ ਦੇ ਅਰਪਣ ਕਰੇ ਅਤੇ ਗੁਰੂ ਦੀ ਆਗਿਆ ਮਨ ਬਚਨ ਕਰਮ ਕਰਕੇ ਸਤਿ ਮੰਨੇ।

ਮਨੁਖ ਦੀ ਜੀਵਨ-ਗੱਡੀ ਦਾ ਘੋੜਾ ਮਨ ਹੈ। ਜੇ ਮਨ ਦੀਆਂ ਵਾਗਾਂ 'ਗੁਰੂ' ਨੂੰ ਫੜਾ ਦਿਤੀਆਂ ਜਾਣ ਤਾਂ ਜੀਵਨ-ਗੱਡੀ ਸਦਾ ਸੁਰੱਖਿਅਤ ਤੇ ਸਲਾਮਤ ਰਹਿੰਦੀ ਹੈ। ਗੁਰੂ, ਜੀਵ ਦੇ ਮਨ-ਘੋੜੇ ਨੂੰ ਗੁਰ-ਸ਼ਬਦ ਗੁਰਮੰਤਰ ਦਾ ਕੜੀਆਲਾ ਪਾ ਦਿੰਦਾ ਹੈ—



www.AKJ.Org

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ...॥੩॥ [ਵਡਹੰਸ ਮ: ੪, ਪੰਨਾ ੫੭੬

–੪–

'ਗੁਰੂ' ਅਕਾਲ ਪੁਰਖ ਦਾ ਪਰਤੱਖ ਸਰੂਪ ਹੈ। ਗੁਰੂ ਤੇ ਅਕਾਲ ਪੁਰਖ ਅੰਤਰ-ਆਤਮੇ ਅਭੇਦ ਹਨ। ਏਸੇ ਤਰ੍ਹਾਂ ਗੁਰ-ਸ਼ਬਦ ਗੁਰੂ ਦਾ ਪਰਤੱਖ ਸਰੂਪ ਹੈ ਅਤੇ 'ਗੁਰੂ' ਗੁਰ-ਸ਼ਬਦ ਦੇ ਵਿਚ ਹਲੂਲ ਹੋਇਆ ਪਿਆ ਹੈ। ਜਿਸ ਸਿਖ ਦੀ ਰਸਨਾ ਤੇ ਸਦਾ ਗੁਰ-ਸ਼ਬਦ ਦਾ ਨਿਵਾਸ ਹੈ, ਹਿਰਦੇ ਵਿਚ ਗੁਰ-ਸ਼ਬਦ ਦਾ ਖੰਡਾ ਖੜਕਦਾ ਹੈ, ਉਸ ਦੇ ਅੰਦਰ ਅੰਮ੍ਰਿਤ ਦਾ ਨਿਝਰ-ਝਰਨਾ ਨਿਰੰਤਰ ਝਰਦਾ ਰਹਿੰਦਾ ਹੈ ਤੇ ਉਹ ਸਦਾ ਤ੍ਰਿਪਤਾਇ ਅਘਾਇ ਰਹਿੰਦਾ ਹੈ। ਸ਼ਬਦ-ਜੋਤਿ ਉਸ ਦੇ ਅੰਦਰ ਪ੍ਰਕਾਸ਼ਮਾਨ ਹੋ ਜਾਂਦੀ ਹੈ ਤੇ ਗੁਰੂ ਵਾਹਿਗੁਰੂ ਉਸ ਨੂੰ ਸਦਾ ਅੰਗ ਸੰਗ ਵਸਦਾ ਪ੍ਰਤੀਤ ਹੁੰਦਾ ਹੈ। ਚੋਜੀ ਸਤਿਗੁਰੂ ਅਨਿੰਨ ਗੁਰਸਿੱਖਾਂ ਨਾਲ ਸਦਾ ਸਹਜ-ਕੇਲ ਕਰਦਾ ਹੋਇਆ ਉਨ੍ਹਾਂ ਨੂੰ ਖੇੜਾ ਤੇ ਵਿਗਾਸ ਬਖਸ਼ਦਾ ਰਹਿੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
[ਮਾਰੂ ਸੋਲਹੇ ਮ: ੪, ਪੰਨਾ ੧੦੬੯

–੫–

ਮਨ-ਪਰਚਾਵਾ ਉਦਾਸੀ ਤੋਂ ਬਚਣ ਦਾ ਵੱਡਾ ਸਾਧਨ ਹੈ। ਮਨ-ਪਰਚਾਵੇ ਦੇ ਬੇਅੰਤ ਦੁਨੀਆਵੀ ਸਾਧਨ ਹਨ। ਪੰਜ ਗਿਆਨ ਅਤੇ ਪੰਜ ਕਰਮ ਇੰਦਰਿਆਂ ਦੇ ਆਪੋ ਆਪਣੇ ਮਨ-ਪਰਚਾਵੇ ਹਨ। ਮਨੁਖ ਇਨ੍ਹਾਂ ਪਰਚਾਵਿਆਂ ਰਾਹੀਂ ਮਨ ਨੂੰ ਸੰਤੁਸ਼ਟ ਕਰਨ ਦਾ ਯਤਨ ਸਦਾ ਕਰਦਾ ਰਹਿੰਦਾ ਹੈ। ਸਦੀਆਂ ਲੰਘ ਗਈਆਂ ਹਨ ਅਜਿਹਾ ਕਰਦਿਆਂ, ਪਰ ਮਨ ਇਨ੍ਹਾਂ ਰਸਾਂ ਕਸਾਂ, ਵਿਸ਼ੇ-ਭੋਗਾਂ ਵਿਚ ਪਰਚ ਨਹੀਂ ਸਕਿਆ। ਇਹ ਛਿਨ-ਭੰਗਰ ਰਸ, ਭੋਗ ਭੋਗ ਕੇ ਮਨ ਅਤ੍ਰਿਪਤ ਹੀ ਰਿਹਾ ਹੈ ਅਤੇ ਇਸ ਦੀ ਤ੍ਰਿਸ਼ਨਾ ਬੁਝੀ ਨਹੀਂ, ਸਗੋਂ ਹੋਰ ਮਚੀ ਹੈ। ਮਨ ਬੜਾ ਤਕੜਾ ਰਸੀਆ ਹੈ, ਪਰ ਸਦੀਵੀ-ਰਸ ਨਾ ਮਿਲਣ ਕਾਰਨ ਹੋਛੇ ਰਸਾਂ ਵਿਚ ਪ੍ਰਵਿਰਤ ਹੋ ਕੇ ਆਪਣਾ ਬਲ ਖੀਣ ਕਰੀ ਜਾਂਦਾ ਹੈ।

ਜਿਸ ਕਿਸੇ ਵਡਭਾਗੇ ਮਨੁੱਖ ਨੂੰ ਪੂਰਬ ਕਰਮ ਅੰਕੂਰ ਸਫੁਟ ਹੋਣ ਉਤੇ ਗੁਰੂ-ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਉਸ ਨੂੰ ਗੁਰੂ ਤੋਂ ਨਾਮ-ਗੁਰਮੰਤ੍ਰ ਦੀ ਦਾਤਿ ਪ੍ਰਾਪਤ ਹੁੰਦੀ ਹੈ, ਉਸ ਦਾ ਨਾਮ ਨਾਲ ਪਰਚਾ ਪੈਂਦਾ ਹੈ। ਨਾਮ-ਰਸ ਵਿਚ ਪਰਚਿਆ ਮਨ ਇਸ ਰਸ ਨੂੰ ਛਡ ਨਹੀਂ ਸਕਦਾ। ਬਸ ਫਿਰ ਕੀ, ਚਤੋ ਪਹਿਰ ਨਾਮ ਦਾ ਪਰਚਾ ਬਣਿਆ ਰਹਿੰਦਾ ਹੈ। ਇਹ ਹੈ ਆਦਰਸ਼ਕ ਪਰਚਾ। ਮਨ ਅਜਿਹਾ ਸ਼ਬਦ ਵਿਚ ਪਰਚਦਾ ਹੈ ਕਿ ਰਸ ਪ੍ਰਾਇਣ ਹੋਇਆ ਇਸ ਵਿਚ ਹੀ ਨਿਮਗਨ ਰਹਿੰਦਾ ਹੈ। ਜਿਉਂ ਜਿਉਂ ਸ਼ਬਦ-ਅਭਿਆਸ ਕਰਦਾ ਹੈ, ਅੰਮ੍ਰਿਤ ਦਾ ਫੁਹਾਰਾ ਹੋਰ ਪ੍ਰਬਲ ਹੋ ਜਾਂਦਾ ਹੈ।

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ...॥੩॥ [ਸਿਰੀ ਰਾਗੁ ਮ: ੧, ਪੰਨਾ ੨੦

ਅਭਿਆਸੀ ਅੰਮ੍ਰਿਤ ਪੀ ਪੀ ਖੀਵਾ ਹੋਇਆ ਰਹਿੰਦਾ ਹੈ। ਕੁਝ ਹੋਰ ਖਾਣ ਪੀਣ ਪੈਨ੍ਹਣ ਦੀ ਇਛਾ ਹੀ ਨਹੀਂ ਰਹਿੰਦੀ, ਕਿਸੇ ਨਾਲ ਕੂਣ-ਬੋਲਣ ਨੂੰ ਜੀਅ ਨਹੀਂ ਲੋਚਦਾ। ਉਸ ਦੀ ਬਸ ਇਕੋ ਲਾਲਸਾ ਹੁੰਦੀ ਹੈ ਕਿ ਇਕਾਂਤ ਬਣੀ ਰਹੇ ਅਤੇ ਇਕਾਂਤ ਵਿਚ ਰਸਾਲੂ ਗੁਰ-ਸ਼ਬਦ ਨਾਲ ਮਨ ਦਾ ਕਾਂਟਾ ਸਦਾ ਜੁੜਿਆ ਰਵ੍ਹੇ।

ਜਿਹੜੀ ਇਕੱਲ ਸੰਸਾਰੀ ਮਨੁੱਖਾਂ ਨੂੰ ਖਾਣ ਨੂੰ ਆਉਂਦੀ ਹੈ, ਭਗਤ ਲੋਕ ਇਸ ਨੂੰ "ਇਕਾਂਤ" ਦੇ ਪਿਆਰੇ ਨਾਮ ਨਾਲ ਯਾਦ ਕਰਦੇ ਹਨ ਅਤੇ ਇਸ ਦੇ ਸਿਰ ਸਦਕੇ ਮਨ-ਬਿਰਤੀ ਨੂੰ ਬਾਹਰਮੁਖੀ ਵਾਸ਼ਨਾਵਾਂ ਤੋਂ ਸੰਕੋਚ ਕੇ ਨਾਮ ਨਾਲ ਜੋੜ, ਪ੍ਰਭੂ-ਵਸਲ ਦਾ ਅਨੰਦ ਲੈਂਦੇ ਰਹਿੰਦੇ ਹਨ। ਉਨ੍ਹਾਂ ਨੂੰ ਦੁਖ ਪੋਹ ਨਹੀਂ ਸਕਦੇ। ਦੇਖਣ ਨੂੰ ਭਾਵੇਂ


www.AKJ.Org

ਉਨ੍ਹਾਂ ਦੇ ਸਰੀਰ ਉਤੇ ਕਈ ਕਸ਼ਟ ਆਉਂਦੇ ਦਿਸਦੇ ਹੋਣ, ਪਰ ਉਹ ਦੁਖ ਨੂੰ ਪ੍ਰਭੂ ਦੀ ਦਾਤਿ ਅਤੇ ਦਾਰੂ ਜਾਣਦੇ ਹਨ। ਉਨ੍ਹਾਂ ਦੀ ਸੁਰਤੀ ਦੇਹ ਤੋਂ ਬਿਦੇਹ ਹੋ, ਨਾਮ ਵਿਚ ਹੀ ਤ੍ਰਿਬੁਡ ਰਹਿੰਦੀ ਹੈ। ਨਾਮ ਵਿਚ ਖੀਵੇ ਹੋ ਉਹ ਗਾਉਂਦੇ ਰਹਿੰਦੇ ਹਨ—

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

—੬— [ਆਸਾ ਰਵਿਦਾਸ ਜੀ, ਪੰਨਾ ੪੮੬

ਗੁਰੂ ਵਾਹਿਗੁਰੂ ਦੀ ਹੋਂਦ ਉਤੇ ਵਿਸ਼ਵਾਸ ਅਤੇ ਉਸ ਦੇ ਹਾਜ਼ਰ ਨਾਜ਼ਰ ਹੋਣ ਦੀ ਦ੍ਰਿੜ੍ਹਤਾ; ਇਹ ਭਗਤੀ-ਮਾਰਗ ਦੇ ਮਹਿਲ ਦੀ ਨੀਂਹ ਹੈ। ਗੁਰੂ ਕਰੇ, ਸਾਨੂੰ ਇਹ ਵਿਸ਼ਵਾਸ ਅਤੇ ਦ੍ਰਿੜ੍ਹਤਾ ਆਵੇ।

---

## ਜ਼ਰੂਰੀ ਸੂਚਨਾ

ਸਮੇਂ ਸਮੇਂ ਕੁਝ ਪੰਥਕ ਮਸਲੇ ਉਭਰਦੇ ਰਹਿੰਦੇ ਹਨ। ਅਖੰਡ ਕੀਰਤਨੀ ਜਥਾ ਵੀ ਗੁਰਮਤਿ ਦੇ ਪਰਚਾਰ ਵਿਚ ਆਪਣਾ ਤੁਛ ਹਿਸਾ ਪਾ ਰਿਹਾ ਹੈ, ਇਸ ਲਈ ਪੰਥਕ ਮਸਲਿਆਂ ਤੋਂ ਅਭਿੱਜ ਨਹੀਂ ਰਹਿ ਸਕਦਾ, ਅਤੇ ਫ਼ਰਜ਼ ਦੀ ਪਾਲਣਾ ਕਰਦਿਆਂ ਕੁਝ ਕਹਿਣ ਸੁਣਨ ਦੀ ਲੋੜ ਭਾਸਦੀ ਹੈ।

ਕੁਝ ਮਸਲੇ ਅਜਿਹੇ ਗੰਭੀਰ ਹੁੰਦੇ ਹਨ ਕਿ ਇਕੱਲੇ ਤੌਰ ਤੇ ਜਾਂ ਸਥਾਨਿਕ ਸਹਿਯੋਗੀਆਂ ਦੀ ਸਲਾਹ ਨਾਲ ਉਹਨਾਂ ਬਾਰੇ ਕੋਈ ਨਿਰਣਾ ਲੈ ਸਕਣਾ ਕਠਨ ਹੁੰਦਾ ਹੈ। ਕੁਝ ਦੇਰ ਤੋਂ ਅਜਿਹੇ ਗੁੰਝਲਦਾਰ ਮਸਲਿਆਂ ਸੰਬੰਧੀ ਦਾਸ ਨੂੰ ਨਿਜੀ ਸਹਾਇਤਾ ਲਈ ਇਕ ਸਲਾਹਕਾਰ ਬੋਰਡ ਦੀ ਲੋੜ ਮਹਿਸੂਸ ਹੋ ਰਹੀ ਹੈ। ਸੋ ਇਸ ਸੰਬੰਧ ਵਿਚ ਹੇਠ ਲਿਖੇ ਸਜਣਾਂ ਦਾ ਸਲਾਹਕਾਰ ਬੋਰਡ ਸਥਾਪਿਤ ਕੀਤਾ ਗਿਆ ਹੈ :—

1. ਭਾਈ ਜਗਿੰਦਰ ਸਿੰਘ ਜੀ (ਤਲਵਾੜਾ) ਅੰਮ੍ਰਿਤਸਰ, 2. ਬੀਬੀ ਹਰਸ਼ਰਨ ਕੌਰ ਜੀ, ਜਲੰਧਰ, 3. ਭਾਈ ਮੁਹਕਮ ਸਿੰਘ ਜੀ, ਲੁਧਿਆਣਾ, 4. ਭਾਈ ਮਹਿੰਦਰ ਸਿੰਘ ਜੀ, ਚੰਡੀਗੜ੍ਹ, 5, ਪ੍ਰੋ: ਗੁਰਮੁਖ ਸਿੰਘ ਜੀ, ਪਟਿਆਲਾ, 6. ਭਾਈ ਬਲਦੇਵ ਸਿੰਘ ਜੀ, ਅੰਮ੍ਰਿਤਸਰ, 7. ਡਾ: ਬੇਅੰਤ ਸਿੰਘ ਜੀ, ਦਿੱਲੀ 8. ਡਾਕਟਰ ਦਲਬੀਰ ਸਿੰਘ ਜੀ, ਦਿੱਲੀ।

ਲੋੜ ਅਨੁਸਾਰ ਸਮੇਂ, ਸਮੇਂ ਉਪ੍ਰੋਕਤ ਮੈਂਬਰਾਂ ਵਿਚੋਂ ਕਿਸੇ ਇਕ ਦੀ ਜਾਂ ਸਾਰਿਆਂ ਦੀ ਸਲਾਹ ਲਈ ਜਾ ਸਕਦੀ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ(ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਚੱਖ) ੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖਾਲਸਾ ਰਹਿਤ ਮਰਯਾਦਾ (ਟਰੈਕਟ) | ੩-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| ਤਉ ਕਿਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੭੫ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਨਿਰੰਕਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ ੬੦ (ਪੰਨੇ) | ੧-੫੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |

ਸ੍ਰੀ ਭਗਉਤੀ ਪ੍ਰਬੋਧ —'ਭਗਉਤੀ' ਪਦ ਬਾਰੇ ਗੁਰਮਤੀ ਵਿਚਾਰ (ਚੋਣਵੇਂ ਵਿਦਵਾਨਾਂ ਦੇ ਲੇਖ) ੨-੦੦


www.AKJ.Org

# ਸੱਚਾ ਪਾਤਿਸ਼ਾਹ ਪੰਥ ਸਜਾਣ ਆਇਆ

[ਗਿਆਨੀ ਜੰਗ ਸਿੰਘ ਜੀ, ਅਮਰੀਕਾ]

ਆਪੇ ਰੱਬ ਗੁਰੂ ਨਾਨਕ ਦਾ ਰੂਪ ਬਣ ਕੇ, ਸਾਰੇ ਜੱਗ ਨੂੰ ਨਾਮ ਜਪਾਣ ਆਇਆ।
ਆਪੇ ਸ਼ਬਦ ਤੇ ਸੁਰਤਿ ਦਾ ਮੇਲ ਕਰ ਕੇ, ਰੂਹ ਨੂੰ ਰੱਬ ਦੇ ਨਾਲ ਮਿਲਾਣ ਆਇਆ।
ਆਪੇ ਸੰਗਤ ਤੇ ਪੰਗਤ ਨੂੰ ਇਕ ਕਰ ਕੇ, ਜਾਤ ਪਾਤ ਦਾ ਭੇਦ ਮਿਟਾਣ ਆਇਆ।
ਆਪੇ ਲੋਹ ਦੇ ਉਤੇ ਅਡੋਲ ਬਹਿ ਕੇ, ਭਾਣਾ ਮੰਨਣ ਦਾ ਵੱਲ ਸਿਖਾਣ ਆਇਆ।
ਆਪੇ ਬਾਣੀ ਦਾ ਬੋਹਿਥਾ ਤਿਆਰ ਕਰ ਕੇ, ਭਵ-ਸਾਗਰੋਂ ਪਾਰ ਲੰਘਾਣ ਆਇਆ।
ਆਪੇ ਹਰਿ ਗੋਬਿੰਦ ਦੇ ਰੂਪ ਅੰਦਰ, ਸੱਚੇ ਰੱਬ ਦਾ ਤਖ਼ਤ ਰਚਾਣ ਆਇਆ।
ਆਪੇ ਚਾਂਦਨੀ ਚੌਕ ਵਿਚ ਸੀਸ ਦੇ ਕੇ, ਡੁਬਦੀ ਹਿੰਦ ਦੇ ਤਾਈਂ ਬਚਾਣ ਆਇਆ।
ਆਪੇ ਨੀਲੇ ਦਾ ਸ਼ਾਹ-ਸਵਾਰ ਬਣ ਕੇ, ਸੱਚਾ ਪਾਤਿਸ਼ਾਹ ਪੰਥ ਸਜਾਣ ਆਇਆ।
ਆਪੇ ਖਾਲਸੇ ਨੂੰ ਆਪਣਾ ਰੂਪ ਦੇ ਕੇ, ਦੋ-ਧਾਰੇ ਖੰਡੇ ਦਾ ਅੰਮ੍ਰਿਤ ਛਕਾਣ ਆਇਆ।
ਆਪੇ ਪੰਜਾਂ ਵਿਚ ਆਪਣਾ ਆਪ ਰੱਖਿਆ, ਸੱਚੇ ਪਿਆਰ ਦਾ ਭੇਦ ਸਮਝਾਣ ਆਇਆ।
ਆਪੇ ਖਾਲਸੇ ਨੂੰ ਜੋਤਿ ਜੁਗਤ ਦੇ ਕੇ, ਸਾਰੇ ਜੱਗ ਵਿਚ ਝੰਡੇ ਝੁਲਾਣ ਆਇਆ।
ਆਪੇ ਖੜਗਧਾਰੀ, ਆਪੇ ਗੁਰੂ-ਚੇਲਾ, ਸੱਚਾ ਪਾਤਸ਼ਾਹ ਪੰਥ ਸਜਾਣ ਆਇਆ।

# ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ ਉਤਸ਼ਾਹਤ ਸਕੀਮ

ਵੈਸਾਖੀ ਸਮਾਗਮ ਤੇ ਸ੍ਰੀ ਅੰਮ੍ਰਿਤਸਰ ਉਪਰੋਕਤ ਸਕੀਮ ਅਧੀਨ ਪ੍ਰੀਖਿਆ ਹੁੰਦੀ ਹੈ, ਜਿਸ ਵਿਚ ੨੦ ਸਾਲ ਜਾਂ ਇਸ ਤੋਂ ਘਟ ਉਮਰ ਦੇ ਪ੍ਰਾਰਥਕ ਹਿੱਸਾ ਲੈ ਸਕਦੇ ਹਨ। ਪ੍ਰੀਖਿਆ ਦੇਣ ਵਾਲਿਆਂ ਦੇ ਆਸਾ ਦੀ ਵਾਰ ਦੇ ਸਲੋਕ, ਛੱਕੇ ਛੰਤ ਅਤੇ ਘੱਟੋ ਘੱਟ ਇਕ ਸ਼ਬਦ ਹਰ ਛੱਕੇ ਨਾਲ ਮਿਲਦਾ, ਜ਼ਬਾਨੀ ਕੰਠ ਹੋਣੇ ਚਾਹੀਦੇ ਹਨ ਹਰ ਸਾਲ ਨਵੇਂ ਪ੍ਰਾਰਥਕ ਹੀ ਹਿੱਸਾ ਲੈ ਸਕਦੇ ਹਨ।

ਪ੍ਰਾਰਥਕਾਂ ਦੀਆਂ ਦਰਖ਼ਾਸਤਾਂ ੩੧ ਮਾਰਚ ੧੯੯੧ ਤਕ ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ–੧੪੧੦੦੧ ਦੇ ਪਤੇ ਤੇ ਪੁਜ ਜਾਣ। ਦਰਖ਼ਾਸਤਾਂ ਵਾਸਤੇ ਫਾਰਮ ਭੀ ਪਹਿਲੋਂ ਹੀ ਲੁਧਿਆਣੇ ਦੇ ਉਕਤ ਪਤੇ ਤੋਂ ਮੰਗਾਏ ਜਾਣ। ਪ੍ਰੀਖਿਆ ੧੨ ਅਪ੍ਰੈਲ ੩ ਵਜੇ ਸ਼ਾਮ ਸ੍ਰੀ ਅੰਮ੍ਰਿਤਸਰ ਹੋਵੇਗੀ। ਥਾਂ ਦਾ ਵੇਰਵਾ ੩੧ ਮਾਰਚ ਤਕ ਦਰਖ਼ਾਸਤਾਂ ਮਿਲਣ ਤੋਂ ਬਾਅਦ ਸੂਚਤ ਕੀਤਾ ਜਾਵੇਗਾ।


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |


www.AKJ.Org

## ਅਖੰਡ ਕੀਰਤਨ ਜਥਾ ਯੂ. ਕੇ. ਵਲੋਂ ਸਮਾਗਮ

(1) 23-2-91 ਕੀਰਤਨ ਰੈਣ ਸਬਾਈ ਗੁਰਦਵਾਰਾ ਰਾਮਗੜ੍ਹੀਆ ਸਭਾ, 1103-ਫੋਲਜ਼ ਹਿਲ, ਕੋਵੈਂਟਰੀ ਯੂ. ਕੇ. ਗੁਰਦਵਾਰਾ ਫੋਨ 0203-663048, ਵਧੇਰੇ ਜਾਣਕਾਰੀ ਲਈ 0203-687331 ਅਤੇ 367201

(2) ਭਾਈ ਬਖਸ਼ੀਸ਼ ਸਿੰਘ ਬਿਰਮਿੰਘਮ ਵਾਲੇ ਬੱਚੀ ਦਾ ਅਨੰਦ ਕਾਰਜ 30-3-91 ਸ਼ਨੀਵਾਰ ਸਵੇਰੇ ਗੁਰਦਵਾਰਾ ਸ੍ਰੀ ਹਰਿਰਾਏ ਸਾਹਿਬ ਹਾਈ ਸਟਰੀਟ, ਵੈਸਟ ਬ੍ਰਾਮਵਿਚ, ਗੁਰਦਵਾਰਾ ਫੋਨ 021-565-1794, ਭਾ: ਬਖਸ਼ੀਸ਼ਸਿੰਘ 021-558-6398

**ਯੂ. ਕੇ. ਦੇ ਅਮਾਨਤੀ ਲਾਈਫ਼ ਮੈਂਬਰ** ਆਪਣੇ ਬਕਾਏ ਵਧੇ ਰੇਟਾਂ ਅਨੁਸਾਰ 500 ਰੁਪਏ ਛੇਤੀ ਤੋਂ ਛੇਤੀ ਹੇਠ ਲਿਖੇ ਪਤੇ ਤੇ ਜਮ੍ਹਾਂ ਕਰਾ ਦੇਣ ਜੀ, ਨਹੀਂ ਤਾਂ ਉਨ੍ਹਾਂ ਵਲੋਂ ਪੁਜੀ ਹੋਈ ਰਕਮ ਸਾਲਾਨਾ ਚੰਦਿਆਂ ਵਿਚ ਬਦਲ ਦਿਤੀ ਜਾਵੇਗੀ ਅਤੇ ਲਾਈਫ਼ ਮੈਂਬਰਸ਼ਿਪ ਖ਼ਤਮ ਹੋ ਜਾਵੇਗੀ —

Bhai Gurnam Singh, 10-Lambourne Gardens, Earley, Reading, Berks, (P. 0734-67900)

**ਯੂ. ਐਸ. ਏ. (ਅਮਰੀਕਾ) ਐਲਮ ਬਰਾਂਟੇ, ਸਾਨਫ਼ਰਾਂਸਿਸਕੋ, ਕੈਲੀਫ਼ੋਰਨੀਆ ਵਿਖੇ** ਅਖੰਡ ਕੀਰਤਨੀ ਜਥੇ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਉਤਸ਼ਵ ਅਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਨਾਮ ਦੇ ਚੜ੍ਹਦੀ ਕਲਾ ਰੰਗਾਂ ਵਿਚ ਮਨਾਇਆ ਗਿਆ।

---

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਹਰਸ਼ਰਨ ਸਿੰਘ ਲੁਧਿਆਣਾ | ੧੦੦-੦੦ | ਬੀਬੀ ਤੇਜ ਕੌਰ ਮਾਹਲ ਗ੍ਰੇਵਜ਼ੈਂਡ ਯੂ. ਕੇ. | ੩੩੦-੦੦ |
| ਸ: ਓਂਕਾਰ ਸਿੰਘ ਕਲਕੱਤਾ | ੨੦੦-੦੦ | ਭਾਈ ਰਣਬੀਰ ਸਿੰਘ ਅੰਮ੍ਰਿਤਸਰ | ੧੦੦੦-੦੦ |
| ਸ: ਮਹਿੰਦਰ ਸਿੰਘ ਗੋਇੰਦਵਾਲ ਸਾਹਿਬ | ੫੦੦-੦੦ | ਭਾਈ ਕੰਵਰ ਸਿੰਘ ਅੰਮ੍ਰਿਤਸਰ | ੨੦੦-੦੦ |
| ਸ: ਅਜਮੇਰ ਸਿੰਘ ਪਿੰਡ ਸ਼ੇਰਪੁਰ ਖੁਰਦ | ੨੦੦-੦੦ | ਭਾਈ ਜੀਵਨ ਸਿੰਘ ਕੀਰਤਨੀਏ | ੧੦੦੦੦-੦੦ |
| ਸ: ਰਾਮ ਸਿੰਘ ਖਾਲਸਾ ਮਸਕਟ | ੫੦੦-੦੦ | ਮਾਤਾ ਤ੍ਰਿਪਤ ਕੌਰ ਅੰਮ੍ਰਿਤਸਰ | ੧੦੧-੦੦ |
| ਸ: ਗੁਰਦਿਆਲ ਸਿੰਘ ਅੰਮ੍ਰਿਤਸਰ | ੨੫-੦੦ | ਸ: ਪ੍ਰਦੁੰਮਨ ਸਿੰਘ ਜਲੰਧਰ | ੧੦੦-੦੦ |
| ਸ: ਪਰਮਤੇਜ ਸਿੰਘ ਸ਼ਿਮਲਾ | ੩੦੦-੦੦ | ਡਾ: ਸੁਰਿੰਦਰ ਸਿੰਘ ਵੈਸਟ ਮਿਡਲੈਂਡ ਯੂ.ਕੇ. | ੮੫੦-੦੦ |
| ਸ: ਪਰਮਿੰਦਰ ਸਿੰਘ ਰੈਡਿੰਗ (ਕੀਰਤਨ ਭੇਟ) | ੩੭੧੦-੦੦ | ਭਾ: ਅਰਵਿੰਦਰ ਸਿੰਘ ਹੇਜ਼ ਮਿਡੈਕਸ | |
| ਸਾਧ ਸੰਗਤ ਗ੍ਰੇਵਜ਼ੈਂਡ ਕੈਂਟ ਯੂ. ਕੇ. | ੬੭੦੦-੦੦ | (ਬੀਬੀ ਗੁਰਭਜਨ ਕੌਰ ਨਮਿਤ ਭੋਗ) | [illegible]੭੦੦-੦੦ |
| ਸ: ਸੁਰਿੰਦਰ ਸਿੰਘ ਟੋਡੀ ਰੈਡਿੰਗ ਯੂ. ਕੇ. | ੩੪੦-੦੦ | ਭਾਈ ਮਲਕੀਅਤ ਸਿੰਘ ਸਲੋਅ ਯੂ.ਕੇ. | |
| PNL ਸਿਖ ਸੁਸਾਇਟੀ ਹੋਲੋ-ਵੇ ਰੋਡ ਲੰਡਨ | ੧੭੦੦-੦੦ | (ਬਾਬਾ ਅਤਰ ਸਿੰਘ ਜੀ ਦੀ ਬਰਸੀ ਸਮੇਂ) | ੧੭੩੦-੦੦ |
| ਸਾਧ ਸੰਗਤ ਚੈਥਮ ਕੈਂਟ (ਸ਼ਹੀਦੀ ਸਮਾਗਮ ਸਮੇਂ) | ੪੬੨੦-੦੦ | ਭਾਈ ਮਨੋਹਰ ਸਿੰਘ ਵੈਸਟ ਜਰਮਨੀ | |
| ਸਾਧ ਸੰਗਤ ਸਾਊਥਹਾਲ ਯੂ. ਕੇ. | ੧੦੫੬੦-੦੦ | (ਭਾਈ ਲਖਵੀਰ ਸਿੰਘ ਦੇ ਅਨੰਦ ਸਮੇਂ) | ੧੨੧੦-੦੦ |
| ਸ: ਗੁਰਦੀਪ ਸਿੰਘ ਲਿਸਟਰ ,, | ੬੫੦-੦੦ | ਸ: ਲਖਵੀਰਸਿੰਘ ਦੇ ਅਨੰਦ ਸਮੇਂ ਸੰਗਤ ਲੂਟਨ | ੧੭੦੦-੦੦ |
| ਐਸ. ਐਸ. ਠਾਕਰ ਸਲੋਅ ਯੂ. ਕੇ. | ੩੨੦-੦੦ | ਸ: ਕਿਸ਼ਨਸਿੰਘ (ਕਵੈਤਤੋਂ ਉਜੜਕੇ) ਹੁਸ਼ਿਆਰਪੁਰ | ੨੦੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਗੁਰਮੀਤ ਕੌਰ ਪਤਨੀ ਸ: ਕੁਲਵੰਤ ਸਿੰਘ ਤਰਨ ਤਾਰਨ – ਪਤੀ ਜੇਲ੍ਹ ਵਿਚ, ਘਰੇਲੂ ਲੋੜਾਂ | ੫੦੦੦-੦੦ |
| ਭਾਈ ਗੁਰਮੁਖ ਸਿੰਘ ਪੁਤਰ ਭਾ: ਜੁਗਿੰਦਰ ਸਿੰਘ ਧਾਲੀਵਾਲ ਬੇਟ— ਪਿਤਾ ਤੇ ਭਾਈ ਸ਼ਹੀਦ, ਭੈਣ ਦੀ ਸ਼ਾਦੀ | [illegible]੦੦੦-੦੦ |
| ਬੀ: ਜਸਬੀਰਕੌਰ ਮਾਤਾ ਸ਼ਹੀਦ ਕੰਵਲਜੀਤ ਸਿੰਘ ਜੈਂਤੀਪੁਰ-ਪੁਤਰ ਸ਼ਹੀਦ, ਕੋਈ ਕਮਾਊ ਨਹੀਂ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਤਰਸੇਮ ਕੌਰ ਮਾਤਾ ਭਾਈ ਸਤਨਾਮ ਸਿੰਘ ਲੁਧਿਆਣਾ-ਪੁਤਰ ਜੇਲ੍ਹ, ਕੇਸ ਦੀ ਪੈਰਵੀ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਹਰਜੀਤ ਕੌਰ ਪਤਨੀ ਭਾਈ ਮੇਹਰ ਸਿੰਘ ਸਲੇਮਪੁਰ ਕੋਟਲੀ (ਗੁਰਦਾਸਪੁਰ)-ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀਬੀ ਜਤਿੰਦਰ ਕੌਰ ਪਤਨੀ ਸ਼ਹੀਦ ਜਸਪਾਲ ਸਿੰਘ ਪਿੰਡ ਜੱਜੇਆਣੀ-ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਕ੍ਰਿਪਾਲ ਕੌਰ ਪਤਨੀ ਭਾਈ ਮਨਜੀਤ ਸਿੰਘ ਸ਼ਰੀਫਪੁਰਾ (ਅੰਮ੍ਰਿਤਸਰ)-ਪਤੀ ਪੁਲਸ ਹਿਰਾਸਤ ਵਿਚ | ੫੦੦੦-੦੦ |
| ਬੀਬੀ ਵੀਰ ਕੌਰ ਮਾਤਾ ਸ਼ਹੀਦ ਮਨਜੀਤ ਸਿੰਘ ਦਰਗਾਬਾਦ (ਬਟਾਲਾ) – ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਡਾ: ਹਰਗੋਪਾਲ ਸਿੰਘ, ਅੰਮ੍ਰਿਤਸਰ | ੨੦-੦੦ | ਭਾ: ਜਰਨੈਲ ਸਿੰਘ ਲੀਮਿੰਗਟਨ ਯੂ. ਕੇ. | ੫੦-੦੦ |
| ਮਿਸਤ੍ਰੀ ਲਾਲ ਸਿੰਘ ਅੰਮ੍ਰਿਤਸਰ (ਪਾਠ ਦਾ ਚੜ੍ਹਾਵਾ) | ੨੭-੭੫ | ਸ: ਰਘਬੀਰ ਸਿੰਘ ਲੀਮਿੰਗਟਨ ਯੂ. ਕੇ. | ੫੦-੦੦ |
| ਸ: ਹਰਭਜਨ ਸਿੰਘ, ਕੀਨੀਆ (ਅਫ਼ਰੀਕਾ) | ੫੦-੦੦ | ਸ: ਹਰਜੀਤ ਸਿੰਘ, ਲੂਟਨ ਯੂ. ਕੇ. | ੩੭੦-੦੦ |
| ਸ: ਬਲਬੀਰ ਸਿੰਘ, ਡਡਲੀ ਯੂ. ਕੇ. | ੫੦-੦੦ | ਭਾ: ਬਿਕਰਮ ਸਿੰਘ ਚੱਗਾਰ ਡਡਲੀ ਯੂ. ਕੇ. | ੫੦-੦੦ |

ਸੋਧ—ਨਵੰਬਰ ਸੂਰਾ ਵਿਚ ੨੧/- ਗੁਪਤ ਸਹਾਇਤਾ ਸ਼ਹੀਦ ਜਗਜੀਤ ਸਿੰਘ ਕਾਨਪੁਰ ਦੀ ਯਾਦ ਵਿਚ ਪੜ੍ਹੀ ਜਾਏ।

www.AKJ.Org

## ਗੁਰੂ ਪਿਆਰੇ ਭਾਈ ਸਰੂਪ ਸਿੰਘ ਜੀ ਦਿੱਲੀ ਵਿਛੜ ਗਏ



ਵਾਰੰਟ ਆਫ਼ੀਸਰ ਵੀਰ ਸਰੂਖ ਸਿੰਘ ਜੀ ਪੁਰਾਤਨ ਬਾਊ ਮੱਲ ਸਿੰਘ ਜੀ ਦੇ ਪਿਆਰ ਵਾਲੇ ਗੁਰਸਿੱਖਾਂ ਵਿਚੋਂ ਸਨ । ਦੰਪਤੀ ਸ੍ਰੀ ਅਖੰਡਪਾਠਾਂ ਦੀ ਸੇਵਾ ਨਿਭਾਉਣ ਵਿਚ ਧਾਈ ਕਰ ਕੇ ਪੁਜਦੇ ਸਨ । ਗੁਪਤ ਤੌਰ ਤੇ ਇਕ-ਅਧ ਸਿੰਘ ਘਰ ਬੁਲਾ ਕੇ ਵੀ ਸ੍ਰੀ ਅਖੰਡਪਾਠ ਦੀ ਸੇਵਾ ਕਰ ਲੈਂਦੇ ਸਨ । ਪੰਚਾਂ ਦੀਂ ਸੇਵਾ ਵਿਚ ਵੀ ਹਾਜ਼ਰ ਹੁੰਦੇ ਰਹੇ ਹਨ । ਏਅਰ ਫ਼ੋਰਸ ਤੋਂ ਰੀਟਾਇਰ ਹੋ ਕੇ ਉਹ ਅਖੰਡ ਕੀਰਤਨੀ ਜਥੇ ਦੀ ਸੇਵਾ ਕਰਦੇ ਥਕਦੇ ਨਹੀਂ ਸਨ । ੧੯੮੪ ਦੰਗਿਆਂ ਦੀਆਂ ਵਿਧਵਾਵਾਂ ਦੀ ਅਣਥਕ ਸੇਵਾ ਨਿਭਾਂਦੇ ਰਹੇ ਹਨ । ਐਸੇ ਗੁਰੂ ਕੇ ਲਾਲ ਭਾਈ ਸਰੂਪ ਸਿੰਘ ਜੀ ੩-੧-੯੧ ਨੂੰ ਦਿੱਲੀ ਵਿਖੇ ਚੜ੍ਹਾਈ ਕਰ ਗਏ ਹਨ । ਸਤਿਗੁਰੂ ਸੱਚੇ ਪਾਤਸ਼ਾਹ ਆਪਣੇ ਸੇਵਕ ਦੀ ਪੈਜ ਰਖਣ ।

-- ਪੂਰਨ

## ਪਟਿਆਲੇ ਵਿਖੇ ਬਸੰਤ ਰੁਤ ਦਾ ਕੀਰਤਨ ਸਮਾਗਮ (14 ਤੋਂ 16 ਫ਼ਰਵਰੀ)

14-2-91 ਸਵੇਰੇ 5 ਤੋਂ 8 ਆਸਾ ਦੀ ਵਾਰ ਕੀਰਤਨ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਗੁ:ਕੈਂਪ ਕਾਲੋਨੀ ਨੇੜੇ ਦੂਖ ਨਿਵਾਰਨ ਸਾਹਿਬ
9 ਤੋਂ 12 ਸ੍ਰੀ ਅਖੰਡਪਾਠ ਅਰੰਭ ਉਪਰੰਤ ਅਖੰਡ ਕੀਰਤਨ — ਗੁ: ਦੂਖ ਨਿਵਾਰਨ ਸਾਹਿਬ
ਸ਼ਾਮ 5 ਤੋਂ 8 ਸੋਦਰ ਦੀ ਚੌਕੀ — ਗੁਰਦੁਆਰਾ ਮੋਤੀ ਬਾਗ
15-2-91 ਸਵੇਰੇ 5 ਤੋਂ 12 ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁ: ਨਵੀਨ ਸਿੰਘ ਸਭਾ, ਧਰਮਪੁਰ ਬਜ਼ਾਰ
ਸ਼ਾਮ 5 ਤੋਂ 8 ਸੋਦਰ ਦੀ ਚੌਕੀ — ਗੁ: ਹੋਤੀ ਮਰਦਾਨ, ਨਾਮਖਾਨਦਾਰ ਰੋਡ
16-2-91 ਸਵੇਰੇ 4 ਵਜੇ ਸਮਾਪਤੀ ਸ੍ਰੀ ਅਖੰਡਪਾਠ, ਉਪ੍ਰੰਤ 12 ਵਜੇ ਤਕ ਕੀਰਤਨ — ਗੁ: ਦੂਖ ਨਿਵਾਰਨ ਸਾਹਿਬ
ਸ਼ਾਮ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ, ਐਤਵਾਰ ਸਵੇਰੇ ਸਮਾਪਤੀ
ਨੋਟ ਰਿਹਾਇਸ਼ ਦੂਖ ਨਿਵਾਰਨ ਸਾਹਿਬ ਅਤੇ ਪ੍ਰੀਤ ਨਗਰ ਵਿਖੇ --ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ ।

ਦਾਸਰੇ – ਅਖੰਡ ਕੀਰਤਨੀ ਜਥਾ, ਪਟਿਆਲਾ

## ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਵਿਖੇ

ਦਸਮੇਸ਼ ਜੀ ਦੀ ਨਗਰੀ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਰਲ ਮਿਲ ਕੇ ਮਨਾਏ ਜਾ ਰਹੇ ਹਨ—

28-2-91 ਸਵੇਰੇ 5 ਵਜੇ ਸ੍ਰੀ ਅਖੰਡਪਾਠ ਅਰੰਭ — ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ ।
ਸ਼ਾਮ 7 ਤੋਂ 9 ਸੋਦਰ ਦੀ ਚੌਕੀ — ਗੁ: ਲੋਹਗੜ੍ਹ ਸਾਹਿਬ ਵਿਖੇ
1-3-91 ਸਵੇਰੇ 5 ਤੋਂ 1 ਵਜੇ ਦੁਪਹਿਰ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ
ਸ਼ਾਮ 8 ਤੋਂ 10 ਤਕ ਅਖੰਡ ਕੀਰਤਨ — ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ
2-3-91 ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ,ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ
3-3-91 ਸਵੇਰੇ ਸਮਾਪਤੀ ਉਪਰੰਤ ਕੋਈ ਰਿਹਾਇਸ਼ ਨਹੀਂ ਹੋਵੇਗੀ । ਕੇਵਲ ਅੰਮ੍ਰਿਤਧਾਰੀ ਸੰਗਤਾਂ ਲਈ ਰਿਹਾਇਸ਼ ਹੋਵੇਗੀ ।
ਆਪਣੇ ਬਿਸਤਰ ਤੇ ਦਰੀਆਂ ਲੈਕੇ ਆਉ ਜੀ,ਲੰਗਰ ਦੀ ਸੇਵਾ ਲਈ ਤਿਆਰ ਬਰ ਤਿਆਰ ਸਿੰਘ ਤੇ ਬੀਬੀਆਂ ਪੁਜਣ ।
ਪੁਛ ਗੱਛ—ਭਾ:ਕੁਲਵੰਤਸਿੰਘ ਗੁੰਬੀ,ਗੁ:ਕਲਗੀਧਰ ਕੀਰਤਨ ਦਰਬਾਰ ਸ੍ਰੀ ਅਨੰਦਪੁਰ । ਲੋੜ ਮੁਜਬ ਪ੍ਰੋਗਰਾਮ ਤਬਦੀਲੀ ਹੋ ਸਕਦੀ ਹੈ ।

ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨ ਜਥਾ (ਕੇਂਦਰੀ ਦਫਤਰ) ਸ੍ਰੀ ਅੰਮ੍ਰਿਤਸਰ

## ਮੋਗਾ ਵਿਖੇ ਸਾਲਾਨਾ ਸ਼ਹੀਦੀ ਅਖੰਡ ਕੀਰਤਨ ਸਮਾਗਮ ਗੁ:ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਵਿਖੇ

23 ਸਵੇਰੇ ਅਖੰਡਪਾਠ ਦੇ ਭੋਗ ਭਾ: ਨਿਧਾਨ ਸਿੰਘ ਦੇ ਗ੍ਰਹਿ ਵਿਖੇ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਅਤੇ ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਗੁਰਦੁਆਰਾ ਸਾਹਿਬ ਵਿਖੇ ।

ਦਾਸਰੇ —ਅਖੰਡ ਕੀਰਤਨੀ ਜਥਾ, ਮੋਗਾ

**ਗੁ:ਜੰਡ ਸਾਹਿਬ ਪਿੰਡ ਹਰਿਰਾਇਪੁਰ ਤਿੰਨਕੋਨੀ(ਬਠਿੰਡਾ;ਗੋਨਿਆਨਾ ਲਾਗੇ)9-2-91 ਰੈਣ ਸਬਾਈ ਕੀਰਤਨ**

**ਮਾਸਕ ਰੈਣ ਸਬਾਈ ਕੀਰਤਨ 9-2-91 ਗੁ: ਬਾਲੀ ਸਾਹਿਬ ਫਿਲੌਰ । 'ਗੁਰੂ ਕੀ' ਲੁਧਿਆਣੇ ਤੋਂ ਸ਼ਾਮ ਨੂੰ**

**ਚੰਡੀਗੜ੍ਹ ਭਾ: ਸਤਨਾਮ ਸਿੰਘ, 245/35 ਏ (ਨੇੜੇ ਗੁ:) 24-2-91 ਸਵੇਰੇ ਅਖੰਡਪਾਠ, ਉਪ੍ਰੰਤ ਕੀਰਤਨ**

**ਪਿੰਡ ਟੂਸੇ (ਲੁਧਿਆਣਾ) ਭਾ: ਪ੍ਰੀਤਮ ਸਿੰਘ ਖਾਲਸਾ 10-2-91 ਸਵੇਰੇ ਅਖੰਡਪਾਠ ਉਪਰੰਤ ਕੀਰਤਨ**

ਮਨੀਆਰਡਰ, ਬੈਂਕ ਡਰਾਫਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ.ਪੀ. 43045)
'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org